ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥

# ਗੁਰਪ੍ਰਸਾਦਿ ਮਹਾਂ ਵਿਸਮਾਦ ਰਾਗੁ ਬੈਰਾੜੀ ਅਰਥ ਸਟੀਕ ਜੀ।




ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਯ ਹਰਿ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ ’ਚ, ਉੱਬਲਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ ’ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜਦੀ ਬਲਦੀ ਮੱਚਦੀ ਲੋਹ ’ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ ’ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ


DOWNLOAD LEARN SHUDH GURBANI APP
@gursevaksevadar | www.gursevak.com | hello@gursevak.com



**ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਯ ਹਰਿ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲ਼ਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜ੍ਹਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ'ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, **ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥** ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।



**ਧਰਮ ਹੇਤ;ਸਾਕਾ ਜਿਨਿ ਕੀਆ॥ਸੀਸੁ ਦੀਆ; ਪਰੁ.ਸਿਰਰੁ ਨ ਦੀਆ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ 'ਚ ਗੋਲ ਦਾਇਰੇ ਤਿੱਖੇ ਤੀਰਾਂ ਵਿਚਕਾਰ ਬਿਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ 'ਚ ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਵੈਗਾਰਮਈ ਭੋਗ ਦੇ ਸਲੋਕ ਉਚਾਰ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਆਪਨੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸ੍ਰੀ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ 'ਤੇ ਸਜ ਰਹੇ ਹਨ।



ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਪਿਆਰੇ ਸੱਚੇ **ਬਹੁ ਬੇਅੰਤ; ਊਚ ਤੇ ਊਚਾ॥** ਸੱਚੇ ਕੰਤ ਸੱਚੇ ਭਗਵੰਤ ਪੂਰਨ ਗੁਰਦੇਵ ਦੀਨ ਦਇਆਲ ਸਦਾ ਕ੍ਰਿਪਾ, ਸਦ ਮੇਹਰਵਾਨ, ਸੱਚੇ ਗੁਰਬਾਣੀ ਨਾਮ ਦੇ ਸੱਚੇ ਦਾਤੇ ਵਾਹਿਗੁਰੂ ਸਾਹਿਬ ਜੀ ਹਨ! ਹੁਣ ਧਰਮ ਦੇ ਪ੍ਰਕਾਸ, ਜ਼ੁਲਮ ਦੇ ਨਾਸ ਲਈ, ਅਪਣੀ ਆਪ ਦੀ ਕੁਰਬਾਨੀ, **ਗੁਰਦੇਵ ਮਾਤਾ. ਗੁਰਦੇਵ ਪਿਤਾ;** ਪਰਮਪੂਜਨੀਕ ਪਿਤਾ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਦੀ, ਪਰਮਪੂਜਨੀਕ ਗੁਰਮੁਖਿ ਮਾਤਾ ਗੂਜਰੀ ਕੌਰ ਜੀ, ਚਾਰੇ ਸ਼ਾਹਿਬਜ਼ਾਦੇ, ਸਿੰਘ ਸਿੰਘਣੀਆਂ, ਫ਼ੌਜਾਂ, ਖ਼ਜ਼ਾਨੇ ਸਭ ਕੁੱਝ ਕੁਰਬਾਨ ਕਰ ਰਹੇ ਹਨ। ਹੁਣ ਮਾਛੀਵਾੜੇ ਜੰਗਲ ’ਚ ਗੁਰਮੁਖਿ ਨਿਰਲੇਪ ਮਹਾਂ ਵਿਸਮਾਦ ਅਵਸਾਦ ’ਚ ਟਿੰਡ ਦਾ ਸਿਰਾਣਾ ਲਾ ਕੇ ਹੁਣ ਜਪ ਰਹੇ ਹਨ:- **ਖਿਆਲ ਪਾਤਿਸਾਹੀ ੧੦॥ ਮਿਤ੍ਰ ਪਿਆਰੇ ਨੂੰ; ਹਾਲੁ ਮੁਰੀਦਾਂ ਦਾ ਕਹਣਾ॥ ਤੁਧੁ ਬਿਨੁ. ਰੋਗੁ ਰਜਾਈਆ ਦਾ ਓਢਣ; ਨਾਗ ਨਿਵਾਸਾ ਦੇ ਰਹਣਾ॥ ਸੂਲ ਸੁਰਾਹੀ ਖੰਜਰੁ ਪਿਆਲਾ; ਬਿੰਗ ਕਸਾਈਆ ਦਾ ਸਹਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ; ਭੱਠ ਖੇੜਿਆ ਦਾ ਰਹਣਾ॥੧॥੬॥**

ਲੇਖਕ ਪ੍ਰਕਾਸ਼ਕ:- ਬ੍ਰਹਮਵਿੱਦਿਆ ਦੇ ਦਾਤੇ, ਪੰਥ ਰਤਨ, **ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥** ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰਉਪਕਾਰੀ ਚਰਨਕਮਲਾਂ ਦੇ, **ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ. ਸਾਧ ਜਨਾ ਕਾ ਕੀੜਾ॥** ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ (ਮੋਗਾ), ਜਵਾਹਰ ਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਇੰਡੀਆ।

ਇਹ ਪਰਮਪਵਿੱਤ੍ਰ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਹੋਵੋ ਜੀ:


੧.ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਬਮ ਸੰਸਕਾਰ।
੨.ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ, ਸ੍ਰੀ ਦਮਦਮੀ ਟਕਸਾਲ।
੩.ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਣ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।
੪.ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਬੰਸਾਵਲੀ।
੫.ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਦੇ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸਾਂ, ਗੁਰਪੁਰਬਾਂ ਦੀਆਂ ਅਰਦਾਸਾਂ।
੬.ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ, ਸ਼੍ਰੀ ਦਮਦਮੀ ਟਕਸਾਲ।
੭.ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮ-ਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ।
੮.ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।
੯.ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।
੧੦.ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼ ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!
੧੧.ਪਰਮਪੂਜਨੀਕ ਦਸੇ ਪਾਤਿਸਾਹ ਮਿਹਰਵਾਨ ਭਗਵਾਨ ਬਖ਼ਸ਼ਦੇ ਹਨ ਚੰਗੇ ਇਖ਼ਲਾਕ ਦਾ ਦਾਨ।

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਨ੍ਹਾਂ ਪੋਥੀ ਸਾਹਿਬਾਨਾਂ ਦੀਆਂ ਰਿਕਾਰਡਿੰਗ ਭੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ।ਇਨ੍ਹਾਂ ਨੂੰ (gursevak.com) ਤੋਂ ਪ੍ਰਾਪਤ ਕਰੋ। ਸੰਗਤ ਜੀ ਰਿਕਾਰਡਿੰਗ ਲਾਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ ਮਗਰ ਬੋਲਣਾ ਜੀ।

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ ਅੁਦਿੋ ਫਲਓਿਰ ਪ੍ਰਾਪਤੀ ਲਈ: ੩੦੬-੫੮੦-੭੭੩੦ ਸੰਪਰਕ ਕਰੋ। ਗੁਰੂ ਸੇਵਾ ਲਈ ਭੇਟਾ ਕਰਨ ਤੇ ਤੁਹਾਨੂੰ ‘CANADIAN TAX RECEIPT’ ਦਿੱਤੀ ਜਾਵੇ-ਗੀ।

ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ www.Gursevak.com/content/donate ਤੇ ਜਾ ਕੇ ਭੇਟਾ ਦੇਵੋ। ਦਾਸਨਦਾਸਾਂ ਦੀ ਸੇਵਾ ਸੰਸਥਾ DEAR FATHER BRAVE GURU GOD’S SLAVE SOCIETY. ਹੁਣ CANADA REVENUE AGENCY ਨਾਲ #84017-9444-RR0001 ਹੇਠਾਂ REGISTERED CHARITY ਹੈ।

## Download the app “LEARN SHUDH GURBANI” on Apple & Android






Available on the App Store

GET IT ON Google Play

## Download all the Pothi Sahibs at GURSEVAK.COM









@gursevaksevadar

## ਉਥਾਨਕਾ

ਸੋਢੀ ਸ੍ਰਿਸ੍ਰਿ ਸਕਲ ਤਾਰਣ ਕਉ; ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਸੰਗਤਾਂ ਨੂੰ ਸੁੰਦਰ ਦਰਸ਼ਨ ਬਖ਼ਸ਼ ਕੇ ਨਿਹਾਲ ਕਰ ਰਹੇ ਹਨ। ਪਿਆਰੇ ਗੁਰਸਿੱਖਾਂ ਨੇ ਗੁਰੂ ਸਾਹਿਬ ਜੀ ਦੇ ਸੱਚੇ ਚਰਨਕਮਲਾਂ 'ਚ ਅਰਦਾਸ ਬੇਨਤੀ ਕੀਤੀ "ਹੇ ਸੱਚੇ ਪਾਤਿਸਾਹ ਸਾਹਿਬ ਜੀ! ਅਕਥ ਕਥਾ ਬਾਰੇ ਦੱਸੋ?" ਤਾਂ ਸਤਿਗੁਰੂ ਸਾਹਿਬ ਜੀ ਨੇ ਬੈਰਾੜੀ ਰਾਗ 'ਚ ਛੇ ਗੁਰਸਬਦ ਉਚਾਰੇ।

## ਅੰਗ ੭੧੯:- ਰਾਗੁ ਬੈਰਾੜੀ ਮਹਲਾ ੪ ਘਰੁ ੧ ਦੁਪਦੇ

ਧੰਨ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਦੇ (੪) ਚੌਥੇ (ਮਹਲਾ) ਸਰੂਪ ਸੋਢੀ ਸ੍ਰਿਸ੍ਰਿ ਸਕਲ ਤਾਰਣ ਕਉ; ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ ਬੈਰਾੜੀ ਰਾਗੁ 'ਚ (੧) ਪਹਿਲੇ (ਘਰੁ) ਸੁਰਤਾਲ 'ਚ ਛੇ (ਦੁਪਦੇ) (ਦੁ) ਦੋ ਦੋ ਤੁਕਾਂ ਦੇ ਪਦੇ ਫ਼ੁਰਮੌਂਦੇ ਹਨ:-

## ੧ੴ ਸਤਿਗੁਰ ਪ੍ਰਸਾਦਿ॥

(ਸਤਿਗੁਰ) ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ, (ਪ੍ਰਸਾਦਿ) ਅਨੰਦ ਹੀ ਅਨੰਦ ਸਰੂਪ, ਨਿਰਮਲ ਨਿਰਵੈਰੁ (੧ੴ) ਓਅੰਕਾਰ ਭਾਵ ਸਾਰਿਆਂ ਦੇ ਇੰਦ੍ਰਿਆਂ ਮਨਾਂ ਬਿਅੰਤ ਸੂਰਜਾਂ, ਮੰਡਲਾਂ, ਸ੍ਰੀਰਾਂ, ਨੇਤ੍ਰਾਂ ਦੇ ਪ੍ਰਕਾਸ਼ਕ, (੧) ਇੱਕ ਦ੍ਵੈਤ ਰਹਿਤ ਵਾਹਿਗੁਰੂ ਜੀ ਹਨ। ਯਥਾ:- ਸਰਬ ਭੂਤ; ਆਪਿ ਵਰਤਾਰਾ॥ ਸਰਬ ਨੈਨ; ਆਪਿ ਪੇਖਨਹਾਰਾ॥) ਨਮੋ ਸੂਰਜ ਸੂਰਜੇ; ਨਮੋ ਚੰਦ੍ਰ ਚੰਦ੍ਰੇ॥ ਬਿਅੰਤ ਬ੍ਰਹਮੰਡ ਰਚ ਕੇ, ਫਿਰ ਭੀ (੧) ਇੱਕ ਹਨ ਜੀ।

## ਅ-ਕਥ ਕਥਾ ਪੋਲੇ- ਸੁਨਿ ਮਨ. ਅਕਥ ਕਥਾ; ਹਰਿ ਨਾਮ॥

ਹੇ ਮਨ! ਘਟਿ ਘਟਿ ਕਥਾ ਰਾਜਨ ਕੀ ਚਾਲੈ; ਘਰਿ ਘਰਿ ਤੁਝਹਿ ਉਮਾਹਾ॥) ਸਭ ਤੇ ਊਤਮ ਹਰਿ ਕੀ ਕਥਾ॥ ਅਨੁਸਾਰ ਸਭ ਨੂੰ (ਹਰਿ) ਹਰਾ ਭਰਾ ਕਰਨ ਵਾਲੇ ਨਿਰਗੁਨ ਵਾਹਿਗੁਰੂ ਜੀ ਦੇ ਨਾਮ ਦੀ ਸਭ ਤੋਂ ਸ੍ਰੇਸ਼ਟ (ਅਕਥ) ਕਥਨ ਰਹਿਤ ਕਥਾ (ਸੁਨਿ) ਸੁਣਣਾ ਕਰ। ਅਥਵਾ ਹਰਿ ਜੀ ਦੇ ਸਰਗੁਨ ਸਰੂਪ ਪੂਰਨ ਦਸ ਸਤਿਗੁਰੂ ਸਾਹਿਬਾਨ ਜੀ ਦੇ ਪਰਮਪਵਿੱਤ੍ਰ ਉੱਜਲ ਸੱਚੇ ਨਾਮ, ਸੱਚੇ ਗੁਰਸਬਦ ਅਰਥ ਅਤੇ ਪਰਉਪਕਾਰਾਂ ਗੁਰ ਇਤਿਹਾਸ ਦੀ ਅਕਥ ਕਥਾ ਨੂੰ ਹੇ ਮਨ! ਰੋਮ ਰੋਮ ਦੇ ਪਿਆਰ ਨਾਲ ਰੋਮ ਰੋਮ ਕਰਕੇ (ਸੁਨਿ) ਸੁਣਣਾ ਕਰ। ਯਥਾ:- ਤੇਰੀ ਅਕਥ ਕਥਾ; ਗੁਰਸਬਦਿ ਵਖਾਣੀ॥੧॥ ਰਹਾਉ॥) ਕਹਿ ਰਵਿਦਾਸ. ਅਕਥ ਕਥਾ; ਬਹੁ ਕਾਇ ਕਰੀਜੈ॥ ਜੈਸਾ ਤੂ. ਤੈਸਾ ਤੁਹੀ; ਕਿਆ ਉਪਮਾ ਦੀਜੈ॥੩॥੧॥) ਕਿਉ ਕਥੀਐ.

ਕਿਉ ਆਖੀਐ; ਜਾਪੈ ਸਚੋ ਸਚੁ॥ ਕਰਣਾ ਕਥਨਾ ਕਾਰ ਸਭ; ਨਾਨਕ ਆਪਿ ਅਕਥੁ॥ ਅਕਥ ਕੀ ਕਥਾ; ਸੁਣੇਇ॥ ਰਿਧਿ ਬੁਧਿ ਸਿਧਿ ਗਿਆਨੁ; ਸਦਾ ਸੁਖੁ ਹੋਇ॥੧॥) ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥੧॥ਰਹਾਉ॥

ਜਿਵੇਂ ਵਾਹਿਗੁਰੂ ਮਹੱਲਾ ਪਹਿਲਾ ਜੀ ਹੁਣ ਪਹਾੜ ਨੂੰ ਪੰਜਾ ਲਾ ਰਹੇ ਹਨ, ਹੁਣ ਭਗਤ ਲਾਲੋ ਜੀ ਦੇ ਕੋਧਰੇ ਪ੍ਰਸ਼ਾਦੇ ਛਕ ਰਹੇ ਹਨ ਆਦਿ। ਅਕਥ ਕਹਾਣੀ ਪ੍ਰੇਮ ਕੀ; ਕੋ ਪ੍ਰੀਤਮੁ ਆਖੈ ਆਇ॥ ਅਨੁਸਾਰ ਜਿਵੇਂ ਵਾਹਿਗੁਰੂ ਮਹੱਲੇ ਦੂਜੇ ਜੀ, ਗੁਰਮੁਖਿ ਬ੍ਰਹਮ ਪ੍ਰੇਮੀ ਸੰਤ ਭਾਈ ਬਾਲਾ ਜੀ ਤੋਂ ਵਾਹਿਗੁਰੂ ਮਹੱਲੇ ਪਹਿਲੇ ਜੀ ਦੀ ਅਵਤਾਰ ਕਥਾ ਸੁਣਦੇ, ਤਾਂ ਅੱਠ ਪਹਿਰ, ਤਿੰਨ ਦਿਨ, ਹਫ਼ਤਾ ਹਫ਼ਤਾ ਸਮਾਧੀ ਲੱਗ ਜਾਂਦੀ ਸੀ ਜੀ ਰਾਮ ਜੀ। ਸੱਚੇ ਸੁੰਦਰ ਸਤਿਗੁਰੂ ਸਾਹਿਬ ਜੀ, ਗੁਰਮੁਖਿ ਭਾਈ ਬਾਲਾ ਜੀ ਅਤੇ ਅਮਰ ਅਵਤਾਰ ਕਥਾ ਨੂੰ ਸੁਨਣ ਵਾਲੇ ਗੁਰਮੁਖਿ ਭਾਗਾਂ ਵਾਲੇ ਸ੍ਰੋਤੇ ਮਹਾਂ ਵਿਸਮਾਦ ਅੰਮ੍ਰਿਤ ਪੀਂਦੇ ਸਨ ਜੀ। ਯਥਾ:- ਬਾਣੀ ਉਚਰਹਿ ਸਾਧ ਜਨ; ਅਮਿਉ ਚਲਹਿ ਝਰਣੇ॥

ਵਾਹਿਗੁਰੂ ਮਹੱਲਾ ਪੰਜਵਾਂ ਜੀ, ਸ੍ਰੀ ਰਾਮਸਰ ਸਾਹਿਬ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਚ ਰਹੇ ਹਨ। ਵਾਹਿਗੁਰੂ ਦਸਵੇਂ ਪਾਤਿਸਾਹ ਜੀ, ਸ੍ਰੀ ਦਮਦਮਾ ਸਾਹਿਬ ਜੀ ਵਿਖੇ ਨੌਂ ਮਹੀਨੇ ਨੌਂ ਦਿਨਾਂ 'ਚ ਕੰਠੋ ਗੁਰਬਾਣੀ ਉਚਾਰ ਕੇ ਅੱਠਤਾਲ਼ੀ ਸਿੰਘਾਂ, ਸੰਗਤਾਂ ਨੂੰ ਗੁਰਸਾਖੀਆਂ ਸਮੇਤ ਗੁਰਬਾਣੀ ਅਰਥ ਸੁਣਾ ਰਹੇ ਹਨ। ਧੰਨ ਭਾਈ ਮਹਿੰਗਾ ਜੀ, ਧੰਨ ਭਾਈ ਬਹਿਲੋ ਸਭ ਤੋਂ ਪਹਿਲੋਂ ਜੀ, ਧੰਨ ਭਾਈ ਪ੍ਰੇਮਾ ਜੀ, ਆਦਿ ਗੁਰਸਿੱਖਾਂ ਦੀਆਂ, ਗੁਰੂ ਸਾਹਿਬ ਜੀ ਦੀਆਂ ਅਮੋਲਕ ਅਕਥ ਕਥਾਵਾਂ ਨੂੰ ਸੁਣ ਕੇ ਸੁਖ ਸਰੂਪ ਬ੍ਰਹਮ ਜੀ ਦੀ ਪ੍ਰਾਪਤੀ ਅਤੇ ਪਾਪਾਂ ਔਗੁਣਾਂ ਦੁੱਖਾਂ ਦਾ ਨਾਸ ਹੁੰਦਾ ਹੈ। ਯਥਾ:- ਸੁਣਿਐ; ਦੂਖ ਪਾਪ ਕਾ ਨਾਸੁ॥੮॥) ਸੁਣਿ ਹਰਿ ਕਥਾ; ਉਤਾਰੀ ਮੈਲੁ॥ ਮਹਾ ਪੁਨੀਤ; ਭਏ ਸੁਖ ਸੈਲੁ॥) ਗੁਰਬਾਣੀ ਸੁਨਤ. ਮੇਰਾ ਮਨੁ ਦ੍ਰਵਿਆ; ਮਨੁ ਭੀਨਾ. ਨਿਜ ਘਰਿ ਆਵੈਗੋ॥ ਤਹ ਅਨਹਤ ਧੁਨੀ. ਬਾਜਹਿ ਨਿਤ ਬਾਜੇ; ਨੀਝਰ ਧਾਰ ਚੁਆਵੈਗੋ॥੩॥

ਭਜੁ: ਪੋਲਾ- ਰਿਧਿ ਬੁਧਿ ਸਿਧਿ ਸੁਖ ਪਾਵਹਿ; ਭਜੁ ਗੁਰਮਤਿ ਹਰਿ ਰਾਮ ਰਾਮ॥੧॥ਰਹਾਉ॥

ਪਰਮਪੂਜਨੀਕ ਪਰਮਪਵਿੱਤ੍ਰ ਪਰਮ ਪਿਆਰੇ (ਹਰਿ) ਸਤਿਗੁਰੂ ਸਾਹਿਬ ਜੀ ਦੀ ਗੁਰਮਤਿ ਦੁਆਰਾ (ਰਾਮ) ਰਮੇ ਹੋਏ (ਰਾਮ) ਵਾਹਿਗੁਰੂ ਜੀ ਨੂੰ ਪ੍ਰੇਮਾ ਭਗਤੀ ਸਹਿਤ (ਭਜੁ) ਜਪਣਾ ਕਰ। ਜਪਣੇ ਕਰਕੇ ਅਨੰਤ (ਰਿਧਿ) ਰਿੱਧੀਆਂ (ਸਿਧਿ) ਸਿੱਧੀਆਂ, ਸੱਚਾ ਨਾਮ ਜਪਣ ਜਪੌਣ ਵਾਲੀ ਗੁਰਮੁਖਿ (ਬੁਧਿ) ਬੁੱਧੀ

ਅਤੇ ਵਿਸਮਾਦ ਨਾਮ ਅੰਮ੍ਰਿਤ ਸੁਖ (ਪਾਵਹਿ) ਪਾ ਲਵੇਂਗਾ। ਯਥਾ:- ਹਰਿ ਰਾਮ ਰਾਮ; ਰਾਮ ਰਾਮਾ॥ ਜਪਿ; ਪੂਰਨ ਹੋਏ ਕਾਮਾ॥੧॥ਰਹਾਉ॥ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮੌਂਦੇ ਹਨ:-

ਨਾਨਾ ਖਿਆਨ ਪੁਰਾਨ ਜਸੁ ਊਤਮ; ਖਟ ਦਰਸਨ ਗਾਵਹਿ ਰਾਮ॥

(ਨਾਨਾ) ਤਰ੍ਹਾਂ ਤਰ੍ਹਾਂ ਦੇ (ਖਿਆਨ) ਵਖਿਆਨਾਂ, ਪ੍ਰਸੰਗਾਂ ਦੁਆਰਾ ਅਠਾਰਾਂ ਪੁਰਾਨ, (ਖਟ) ਛੇ (ਦਰਸਨ) ਸ਼ਾਸਤ੍ਰ ਸਭ ਸੱਚੇ ਕੰਤ ਸੱਚੇ ਭਗਵੰਤ ਰਾਮ ਜੀ ਦਾ (ਊਤਮ) ਸ੍ਰੇਸਟ ਜਸੁ (ਗਾਵਹਿ) ਗੌਂਦੇ ਹਨ, ਪਰ ਪੂਰਾ ਜਸ ਗਾ ਨਹੀਂ ਸਕਦੇ। ਅਥਵਾ ਅਠਾਰਾਂ ਪੁਰਾਨ ਅਤੇ (ਖਟ) ਛੇ (ਦਰਸਨ) ਸ਼ਾਸਤ੍ਰਾਂ ਦੇ (ਨਾਨਾ) ਤਰ੍ਹਾਂ ਤਰ੍ਹਾਂ ਦੇ (ਖਿਆਨ) ਵਖਿਆਨਾਂ ਨਾਲੋਂ ਰਾਮ ਵਾਹਿਗੁਰੂ ਜੀ ਦਾ ਸੱਚਾ ਜਸੁ (ਗਾਵਹਿ) ਗੌਣ ਦਾ ਫ਼ਲ਼ (ਊਤਮ) ਸ੍ਰੇਸਟ ਹੈ, ਕਿਉਂਕਿ ਉਨ੍ਹਾਂ 'ਚ ਤਿੰਨਾ ਗੁਣਾਂ ਦਾ ਕਥਨ ਹੈ। ਧੰਨ ਗੁਰੂ ਅਰਜਨਦੇਵ ਸਾਹਿਬ ਜੀ, ਸ੍ਰੀ ਹਰਿਮੰਦਰ ਸਾਹਿਬ ਜੀ ਰਚ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਰਚ ਕੇ, ਕੀਰਤਨ ਕਰ ਰਹੇ ਹਨ। ਯਥਾ:- ਜੈ ਜੈਕਾਰੁ, ਜਾਸੁ ਜਗ ਅੰਦਰਿ; ਮੰਦਰਿ ਭਾਗੁ. ਜੁਗਤਿ ਸਿਵ ਰਹਤਾ॥ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾਗੱਦੀ ਬਖ਼ਸ਼ਦੇ ਹਨ। ਛੇਵੇਂ ਪਾਤਿਸਾਹ ਜੀ ਅਕਾਲ ਤਖ਼ਤ ਸਾਹਿਬ ਜੀ ਰਚ ਰਹੇ ਹਨ, ਸੱਚ ਧਰਮ ਦੇ ਸੱਚੇ ਪ੍ਰਕਾਸ਼, ਜ਼ਾਲਮਾਂ ਜ਼ੁਲਮ ਦੇ ਨਾਸ ਲਈ ਧਰਮ ਜੰਗ ਜਿੱਤ ਰਹੇ ਹਨ। ਸਤਿਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਤਾਗੱਦੀ ਬਖ਼ਸ਼ ਰਹੇ ਹਨ ਜੀ। ਦਸ ਸਤਿਗੁਰੂ ਸਾਹਿਬਾਨ ਜੀ ਦੀ, ਪਿਆਰੇ ਗੁਰ ਭਗਤਾਂ ਜੀ ਦੀ, ਗੁਰੂ ਸਾਹਿਬ ਜੀ ਦੇ ਸਨਮੁਖ ਸ਼ਹੀਦਾਂ ਜੀ ਦੀ ਉਸਤਤੀ ਹੋ ਨਹੀਂ ਸਕਦੀ ਭਾਵੇਂ ਸਾਰੇ ਬ੍ਰਹਮੰਡ ਜੀਅ, ਪੂਰਨ ਸੰਤ ਹਰ ਸਮੇਂ ਉਪਮਾ ਕਰ ਰਹੇ ਹਨ, ਸਗੋਂ ਉਪਮਾ ਹੋਰ ਵੱਧਦੀ ਵੱਧਦੀ ਵੱਧਦੀ ਹੀ ਜਾਂਦੀ ਹੈ।

ਸੰਕਰ. ਕ੍ਰੋੜਿ ਤੇਤੀਸ ਧਿਆਇਓ; ਨਹੀ ਜਾਨਿਓ ਹਰਿ ਮਰਮਾਮ॥੧॥

(ਸੰਕਰ) ਸ਼ਿਵ ਜੀ ਅਤੇ (ਤੇਤੀਸ) ਤੇਤੀ ਕ੍ਰੋੜਿ ਦੇਵਤਿਆਂ ਨੇ ਪਰਮਪੂਜਨੀਕ ਕ੍ਰਿਪਾਲ ਵਾਹਿਗੁਰੂ ਧੰਨ ਗੁਰੂ ਨਾਨਕਦੇਵ ਸਾਹਿਬ ਜੀ (ਧਿਆਇਓ) ਧਿਆਏ, ਗਾਏ, ਮੰਨੇ, ਪੂਜੇ ਨਮਸਕਾਰੇ ਪਰ (ਹਰਿ) ਹਰੀ ਸਰੂਪ ਗੁਰੂ ਸਾਹਿਬ ਜੀ ਦਾ (ਮਰਮਾਮ) ਭੇਤ ਨਹੀ (ਜਾਨਿਓ) ਜਾਣਿਆ। ਯਥਾ:- ਹਰਿ ਕੀ ਗਤਿ; ਨਹਿ ਕੋਊ ਜਾਨੈ॥ ਜੋਗੀ ਜਤੀ ਤਪੀ ਪਚਿ ਹਾਰੇ; ਅਰੁ ਬਹੁ ਲੋਗ ਸਿਆਨੇ॥) ਮਹਿਮਾ. ਨ ਜਾਨਹਿ ਬੇਦ॥ ਬ੍ਰਹਮੇ. ਨਹੀ ਜਾਨਹਿ ਭੇਦ॥ ਅਵਤਾਰ. ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥੧॥ ਤਥਾ:- ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥ ਕਿਨੀ, ਤੇਰਾ ਅੰਤੁ ਨ ਪਾਇਆ॥੨॥

ਗੰ-ਧ੍ਰਬ- ਸੁਰਿ ਨਰ ਗਣ ਗੰਧ੍ਰਬ. ਜਸੁ ਗਾਵਹਿ; ਸਭ ਗਾਵਤ. ਜੇਤ ਉਪਾਮ॥

ਅਣਗਿਣਤ ਹੀ (ਸੁਰਿ) ਦੇਵਤੇ, (ਨਰ) ਪੁਰਸ਼, (ਗਣ) ਸ਼ਿਵ ਜੀ ਦੇ ਸੇਵਕ, (ਗੰਧ੍ਰਬ) ਦੇਵਤਿਆਂ ਦੇ ਰਾਗੀ, ਸੱਚੇ ਨਾਮ, ਗੁਰਮੁਖਿ ਜੀਵਨ ਦੇ ਦਾਤੇ ਧੰਨ ਧੰਨ ਧੰਨ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਵਾਹਿਗੁਰੂ ਜੀ ਦਾ ਜਸੁ (ਗਾਵਹਿ) ਗੌਂਦੇ ਹਨ। (ਜੇਤ) ਜਿਤਨੇ ਭੀ ਖੰਡ ਪਤਾਲ ਅਸੰਖ; ਮੈ. ਗਣਤ ਨ ਹੋਈ॥ ਖੰਡ ਬ੍ਰਹਮੰਡ, ਅਨੇਕ ਪ੍ਰਕਾਰ ਦੀ ਰਚਨਾ, ਬਿਅੰਤ ਖਾਣੀਆਂ ਬਾਣੀਆਂ ਹਨ, ਜੋ ਜੋ ਭੀ ਅਪਨੇ ਨਿਰਗੁਨ ਸਰੂਪ ਜੀ 'ਚੋਂ (ਉਪਾਮ) ਪੈਦਾ ਕੀਤੇ ਹਨ ਸਭ ਆਪ ਜੀ ਦਾ ਪਰਮਪਵਿੱਤ੍ਰ ਉੱਜਲ ਨਿਰਮਲ ਅਮੋਲਕ ਜਸ, ਰੰਗਾਂ ਰੰਗਾਂ ਦੇ ਪ੍ਰੇਮ ਨਾਲ (ਗਾਵਤ) ਗੌਂਦੇ ਹਨ। ਯਥਾ:- ਸੋ ਦਰੁ ਕੇਹਾ, ਸੋ ਘਰੁ ਕੇਹਾ; ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ; ਕੇਤੇ ਵਾਵਣਹਾਰੇ॥ ਕੇਤੇ. ਰਾਗ ਪਰੀ ਸਿਉ ਕਹੀਅਨਿ; ਕੇਤੇ ਗਾਵਣਹਾਰੇ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾਧਰਮੁ ਦੁਆਰੇ॥ ਗਾਵਹਿ ਚਿਤੁ ਗੁਪਤੁ, ਲਿਖਿ ਜਾਣਹਿ; ਲਿਖਿ ਲਿਖਿ ਧਰਮੁ ਵੀਚਾਰੇ॥ ਗਾਵਹਿ ਈਸਰੁ ਬਰਮਾ ਦੇਵੀ; ਸੋਹਨਿ ਸਦਾ ਸਵਾਰੇ॥ ਗਾਵਹਿ ਇੰਦ, ਇਦਾਸਣਿ ਬੈਠੇ; ਦੇਵਤਿਆ ਦਰਿ ਨਾਲੇ॥ ਗਾਵਹਿ ਸਿਧ. ਸਮਾਧੀ ਅੰਦਰਿ; ਗਾਵਨਿ ਸਾਧ ਵਿਚਾਰੇ॥ ਗਾਵਨਿ ਜਤੀ ਸਤੀ ਸੰਤੋਖੀ; ਗਾਵਹਿ ਵੀਰ ਕਰਾਰੇ॥ ਗਾਵਨਿ ਪੰਡਿਤ ਪੜਨਿ ਰਖੀਸਰ; ਜੁਗੁ ਜੁਗੁ ਵੇਦਾ ਨਾਲੇ॥ ਗਾਵਹਿ ਮੋਹਣੀਆ ਮਨੁ ਮੋਹਨਿ; ਸੁਰਗਾ ਮਛ ਪਇਆਲੇ॥ ਗਾਵਨਿ ਰਤਨ ਉਪਾਏ ਤੇਰੇ; ਅਠਸਠਿ ਤੀਰਥ ਨਾਲੇ॥ ਗਾਵਹਿ ਜੋਧ ਮਹਾਬਲ ਸੂਰਾ; ਗਾਵਹਿ ਖਾਣੀ ਚਾਰੇ॥ ਗਾਵਹਿ ਖੰਡ ਮੰਡਲ ਵਰਭੰਡਾ; ਕਰਿ ਕਰਿ ਰਖੇ ਧਾਰੇ॥ ਸੇਈ ਤੁਧੁਨੋ ਗਾਵਹਿ, ਜੋ ਤੁਧੁ ਭਾਵਨਿ; ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਗਾਵਨਿ, ਸੇ. ਮੈ ਚਿਤਿ ਨ ਆਵਨਿ; ਨਾਨਕੁ. ਕਿਆ ਵੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ; ਸਾਚਾ ਸਾਚੀ ਨਾਈ॥ ਹੈ ਭੀ ਹੋਸੀ, ਜਾਇ ਨ ਜਾਸੀ; ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ, ਕਰਿ ਕਰਿ ਜਿਨਸੀ; ਮਾਇਆ ਜਿਨਿ ਉਪਾਈ॥ ਕਰਿ ਕਰਿ ਵੇਖੈ. ਕੀਤਾ ਆਪਣਾ; ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ. ਸੋਈ ਕਰਸੀ; ਹੁਕਮੁ. ਨ ਕਰਣਾ ਜਾਈ॥ ਸੋ ਪਾਤਿਸਾਹੁ. ਸਾਹਾ ਪਾਤਿਸਾਹਿਬੁ; ਨਾਨਕ. ਰਹਣੁ ਰਜਾਈ॥੨੭॥) ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ; ਸੁ ਬਿਨੁ ਹਰਿ. ਜਾਪਤ ਹੈ ਨਹੀ ਹੋਰ॥੩॥) ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥੧॥ਰਹਾਉ॥

ਨਾਨਕ ਕ੍ਰਿਪਾ ਕਰੀ ਹਰਿ ਜਿਨ ਕਉ; ਤੇ ਸੰਤ ਭਲੇ ਹਰਿ ਰਾਮ॥੨॥੧॥

ਪਰਮਪੂਜਨੀਕ ਧੰਨ ਵਾਹਿਗੁਰੂ (ਨਾਨਕ) ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ ਫ਼ੁਰਮੌਂਦੇ ਹਨ:- (ਜਿਨ) ਜਿਨ੍ਹਾਂ ਗੁਰਮੁਖਾਂ ਪਿਆਰਿਆਂ (ਕਉ) 'ਤੇ (ਹਰਿ) ਸਭ ਨੂੰ ਹਰਾ ਭਰਾ ਕਰਨ ਵਾਲੇ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਨੇ ਮਹਾਂ ਵਿਸਮਾਦ ਕ੍ਰਿਪਾ (ਕਰੀ) ਕੀਤੀ, (ਤੇ) ਉਹ (ਭਲੇ) ਸ੍ਰੇਸਟ ਸੰਤ (ਹਰਿ) ਵਾਹਿਗੁਰੂ ਰਾਮ ਸਰੂਪ ਹਨ। ਅਥਵਾ (ਤੇ) ਉਹ (ਹਰਿ) ਵਾਹਿਗੁਰੂ ਰਾਮ ਜੀ ਦੇ ਨਾਮ ਜਪਣ ਜਪੌਣ ਵਾਲੇ ਸੰਤ (ਭਲੇ) ਸ੍ਰੇਸਟ ਹਨ ਜੀ। ਯਥਾ:- ਦੋਹਰਾ॥ ਹਰਿ ਹਰਿਜਨ ਦੁਈ ਏਕ ਹੈਂ; ਬਿਬ ਬਿਚਾਰ ਕਛੁ ਨਾਹਿ॥ ਜਲ ਤੇ ਉਪਜ ਤਰੰਗ ਜਿਉ; ਜਲ ਹੀ ਬਿਖੈ ਸਮਾਹਿ॥੬੦॥੨੭੫॥ ਤਥਾ:- ਆਪਸ ਕਉ; ਆਪਿ ਦੀਨੋ ਮਾਨੁ॥ ਨਾਨਕ. ਪ੍ਰਭ ਜਨੁ; ਏਕੋ ਜਾਨੁ॥੮॥੧੪॥

ਬੈਰਾੜੀ ਮਹਲਾ ੪॥

(ਮਹਲਾ ੪) ਵਾਹਿਗੁਰੂ ਧੰਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਗੁਰੂ ਗ੍ਰੰਥ ਸਾਹਿਬ ਜੀ ਬੈਰਾੜੀ ਰਾਗ 'ਚ ਫ਼ੁਰਮੌਂਦੇ ਹਨ:-

ਮਨ; ਮਿਲਿ ਸੰਤ ਜਨਾ ਜਸੁ ਗਾਇਓ॥

ਦਾਸਨਦਾਸ ਨੇ ਸੰਤ ਜਨਾ ਦੀ ਸੰਗਤ ਵਿੱਚ ਮਿਲਿ ਕੇ ਤਨ ਮਨ ਕਰਕੇ ਪ੍ਰੇਮਾ ਭਗਤੀ ਸਹਿਤ ਪਰਮਪਵਿੱਤ੍ਰ ਪਰਮਪੂਜਨੀਕ ਵਾਹਿਗੁਰੂ ਜੀ ਦਾ ਜਸੁ (ਗਾਇਓ) ਗੌਣਾ ਕੀਤਾ। ਯਥਾ:- ਸੰਤ ਜਨਾ ਮਿਲਿ; ਹਰਿ ਜਸੁ ਗਾਇਓ॥ ਕੋਟਿ ਜਨਮ ਕੇ, ਦੂਖ ਗਵਾਇਓ॥੧॥ਰਹਾਉ॥

ਹਰਿ ਹਰਿ ਰਤਨੁ. ਰਤਨੁ ਹਰਿ ਨੀਕੋ; ਗੁਰਿ ਸਤਿਗੁਰਿ ਦਾਨੁ ਦਿਵਾਇਓ॥੧॥ਰਹਾਉ॥

(ਹਰਿ) ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ (ਹਰਿ) ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ (ਰਤਨੁ) ਪ੍ਰਕਾਸ਼ ਸਰੂਪ ਬ੍ਰਹਮ ਜੀ ਹਨ। (ਹਰਿ) ਨਿਰਗੁਣ ਸਰੂਪ ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ, ਦਸ ਗੁਰੂ ਅਵਤਾਰ ਧਾਰ ਕੇ ਅਗਿਆਨ ਦੇ ਹਨੇਰੇ 'ਚ ਖ਼ਿਮਾ, ਧੀਰਜ, ਪ੍ਰੇਮ, ਹਉਮੇ ਦੇ ਤਿਆਗ, ਪ੍ਰੇਮਾ ਭਗਤੀ, ਸੱਚੇ ਨਾਮ ਦਾ (ਨੀਕੋ) ਸੁੰਦਰ (ਰਤਨੁ) ਪ੍ਰਕਾਸ਼ ਕਰਦੇ ਹਨ। ਅਥਵਾ (ਹਰਿ) ਦਸ ਸਤਿਗੁਰੂ ਸਾਹਿਬਾਨ ਜੀ (ਨੀਕੋ) ਸੁੰਦਰ ਰਤਨੁ ਗੁਰਬਾਣੀ ਸਰੂਪ ਹਨ। ਗੁਰਿ ਸਤਿਗੁਰਿ ਸਾਹਿਬ ਜੀ ਨੇ ਹਰੀ ਵਾਹਿਗੁਰੂ ਜੀ ਤੋਂ ਸੱਚੇ ਨਾਮ ਦਾ ਸੱਚਾ ਦਾਨੁ (ਦਿਵਾਇਓ) ਦਿਵੌਣਾ ਬਖ਼ਸ਼ੌਣਾ ਕੀਤਾ ਜੀ ਰਾਮ ਜੀ! ਯਥਾ:- (ਰਹਾਉ) ਬਿਸ੍ਰਾਮ ਦੇ ਕੇ ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕਰਦੇ ਹਨ:-

ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ; ਜਿਨਿ ਹਰਿ ਹਰਿ ਨਾਮੁ ਸੁਨਾਇਓ॥

ਦਾਸਨਦਾਸ ਤਿਸੁ (ਜਨ) ਪਿਆਰੇ ਗੁਰਮੁਖਿ ਜੀ (ਕਉ) ਨੂੰ ਅਪਣਾ ਮਨੁ ਤਨੁ ਜਿੰਦ ਜਾਨ ਆਦਿ ਸਭੁ (ਦੇਵਉ) ਦੇਵੇਗਾ। (ਜਿਨਿ) ਜਿਨ੍ਹਾਂ ਨੇ (ਹਰਿ) ਅਜਪਾ ਜਾਪ ਅਕਾਲਪੁਰਖੁ ਵਾਹਿਗੁਰੂ ਜੀ, (ਹਰਿ) ਦਸ ਸਤਿਗੁਰੂ ਸਾਹਿਬਾਨ ਜੀ ਦੇ ਨਾਮੁ ਗੁਰਬਾਣੀ ਪਰਉਪਕਾਰੀ ਸਾਖੀਆਂ ਗੁਰ ਇਤਿਹਾਸ (ਸੁਨਾਇਓ) ਸੁਣਾਇਆ। ਯਥਾ:- ਤੈ ਸਾਹਿਬ ਕੀ ਬਾਤ. ਜਿ ਆਖੈ; ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ. ਬੈਸਣੁ ਦੀਜੈ; ਵਿਣੁ ਸਿਰ. ਸੇਵ ਕਰੀਜੈ॥) ਭਾਈ ਰੇ. ਮੋਕਉ ਕੋਈ ਆਇ ਮਿਲੈ; ਹਰਿ ਨਾਮੁ ਦ੍ਰਿੜਾਵੈ॥ ਮੇਰੇ ਪ੍ਰੀਤਮ ਪ੍ਰਾਨ. ਮਨੁ ਤਨੁ ਸਭੁ ਦੇਵਾ; ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ॥੧॥ਰਹਾਉ॥

ਧਨੁ ਮਾਇਆ ਸੰਪੈ ਤਿਸੁ ਦੇਵਉ; ਜਿਨਿ ਹਰਿ ਮੀਤੁ ਮਿਲਾਇਓ॥੧॥

ਦਾਸਨਦਾਸ ਤਿਸੁ ਗੁਰੂ ਪਿਆਰੇ ਭਗਤ ਜੀ ਨੂੰ ਅਪਣਾ ਧਨੁ ਮਾਇਆ (ਸੰਪੈ) ਸੰਪਤੀ ਭੇਟਾ ਕਰ (ਦੇਵਉ) ਦੇਵੇਂਗਾ ਜੀ। (ਜਿਨਿ) ਜਿਨ੍ਹਾਂ ਨੇ ਸੱਚੇ (ਮੀਤੁ) ਮਿੱਤ੍ਰ (ਹਰਿ) ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ ਨਾਲ (ਮਿਲਾਇਓ) ਮਿਲਾ ਦਿਤਾ। ਯਥਾ:- ਹਉ ਮਨੁ ਅਰਪੀ. ਸਭੁ ਤਨੁ ਅਰਪੀ; ਅਰਪੀ ਸਭਿ ਦੇਸਾ॥

ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ; ਤਬ ਹਰਿ ਹਰਿ. ਹਰਿ ਜਸੁ ਧਿਆਇਓ॥

ਜਦੋਂ (ਜਗਦ+ਈਸਰਿ) (ਜਗਦ) ਜੱਗਤ ਦੇ (ਈਸਰਿ) ਮਾਲਕ ਵਾਹਿਗੁਰੂ ਜੀ ਨੇ ਇੱਕ ਖਿਨੁ ’ਚ (ਕਿੰਚਿਤ) ਦਾਸਨਦਾਸ ਕੀੜੇ ਕ੍ਰਿਮ ’ਤੇ ਸ੍ਰਬ ਵਿਆਪੀ ਮਹਾਂ ਵਿਸਮਾਦ ਕ੍ਰਿਪਾ (ਕਰੀ) ਕੀਤੀ। ਯਥਾ:- ਜੇ ਡੇਖੈ ਹਿਕ ਵਾਰ; ਤਾ ਸੁਖ ਕੀਮਾ ਹੂ ਬਾਹਰੇ॥੩॥ (ਤਬ) ਤਦੋਂ ਦਾਸਨਦਾਸ ਨੇ (ਹਰਿ) ਸ੍ਰਬ ਪ੍ਰਕਾਸ਼ਕ ਪੂਰਨ ਮੇਹਰਵਾਨ (ਹਰਿ) ਵਾਹਿਗੁਰੂ (ਹਰਿ) ਵਾਹਿਗੁਰੂ ਜੀ ਦਾ ਪਰਮਪਵਿੱਤ੍ਰ ਉੱਤਮ ਜਸੁ ਰੋਮ ਰੋਮ ਕਰਕੇ ਪੂਰਨ ਪ੍ਰੇਮ ਸਹਿਤ (ਧਿਆਇਓ) ਧਿਆਇਆ ਜੀ ਰਾਮ ਜੀ।

ਜਨ ਨਾਨਕ ਕਉ ਹਰਿ ਭੇਟੇ ਸੁਆਮੀ; ਦੁਖੁ ਹਉਮੈ ਰੋਗੁ ਗਵਾਇਓ॥੨॥੨॥

ਪਰਮਪੂਜਨੀਕ ਵਾਹਿਗੁਰੂ (ਨਾਨਕ) ਸਤਿਗੁਰੂ ਰਾਮਦਾਸ ਸਾਹਿਬ ਜੀ, ਗੁਰਤਾਗੱਦੀ ਬਿਰਾਜਮਾਨ ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮੌਂਦੇ ਹਨ:- ਜਦੋਂ (ਜਨ) ਦਾਸਨਦਾਸ (ਕਉ) ਨੂੰ (ਸੁਆਮੀ) ਮਾਲਕ (ਹਰਿ) ਵਾਹਿਗੁਰੂ ਸਾਹਿਬ ਜੀ (ਭੇਟੇ) ਮਿਲੇ, ਸੁੰਦਰ ਸੱਚੇ ਮਹਾਂ ਵਿਸਮਾਦ ਨੂਰੀ ਨੂਰੋ ਨੂਰ ਸੱਚੇ ਦਰਸ਼ਨ ਬਖ਼ਸ਼ੇ, ਤਦੋਂ ਜਨਮ ਮਰਨ ਦਾ ਦੁਖੁ, ਹਉਮੈ ਰੋਗੁ ਸਭ (ਗਵਇਓ) ਗਵਾ ਦਿਤੇ। ਯਥਾ:- ਦਰਸਨੁ ਦੇਖਤ; ਦੋਖ ਨਸੇ॥ ਕਬਹੁ. ਨ ਹੋਵਹੁ ਦ੍ਰਿਸਟਿ ਅਗੋਚਰ; ਜੀਅ ਕੈ ਸੰਗਿ ਬਸੇ॥੧॥ਰਹਾਉ॥ ਤਥਾ:- ਦਰਸਨੁ ਪੇਖਤ; ਭਏ ਪੁਨੀਤਾ॥ ਸਗਲ ਉਧਾਰੇ; ਭਾਈ ਮੀਤਾ॥

ਬੈਰਾੜੀ ਮਹਲਾ ੪॥

(ਮਹਲਾ ੪) ਵਾਹਿਗੁਰੂ ਧੰਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਬੈਰਾੜੀ ਰਾਗ 'ਚ ਫ਼ੁਰਮੌਂਦੇ ਹਨ:-

ਹਰਿ ਜਨੁ; ਰਾਮ ਨਾਮ ਗੁਨ ਗਾਵੈ॥

ਪਰਮਪੂਜਨੀਕ (ਹਰਿ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਾਹਿਬ ਜੀ ਦੇ (ਜਨੁ) ਪਿਆਰੇ ਗੁਰਸੇਵਕ ਜੀ, ਰਾਮ ਵਾਹਿਗੁਰੂ ਜੀ ਦੇ ਗੁਨ ਪਰਮਪਵਿੱਤ੍ਰ (ਨਾਮ) ਗੁਰਸਬਦ ਜੀ, ਅੰਮ੍ਰਿਤ ਕਥਾ ਕੀਰਤਨ ਦੁਆਰਾ (ਗਾਵੈ) ਗੌਂਦੇ ਹਨ, ਹੱਸਦੇ ਹਨ। ਯਥਾ:- ਹਰਿ ਜਨੁ; ਗੁਨ ਗਾਵਤ ਹਸਿਆ॥ ਤਥਾ:- ਹਰਿ ਜਨ ਕਉ; ਇਹੀ ਸੁਹਾਵੈ॥ ਪੇਖਿ ਨਿਕਟਿ ਕਰਿ ਸੇਵਾ ਸਤਿਗੁਰ; ਹਰਿ ਕੀਰਤਨਿ ਹੀ ਤ੍ਰਿਪਤਾਵੈ॥ਰਹਾਉ॥

ਜੇ ਕੋਈ ਨਿੰਦ ਕਰੇ, ਹਰਿ ਜਨ ਕੀ; ਅਪੁਨਾ ਗੁਨੁ. ਨ ਗਵਾਵੈ॥੧॥ਰਹਾਉ॥

ਜੇ ਕੋਈ ਪਰਮਪੂਜਨੀਕ (ਹਰਿ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਾਹਿਬ ਜੀ ਦੇ ਸੱਚੇ (ਜਨ) ਪਿਆਰੇ ਗੁਰਸੇਵਕ ਜੀ (ਕੀ) ਦੀ (ਨਿੰਦ) ਨਿੰਦਾ ਕਰੇ, ਤਾਂ ਉਹ ਪਿਆਰੇ ਗੁਰਸੇਵਕ ਜੀ ਸਹਿਜ ਅਵਸਥਾ 'ਚ ਲੀਨ ਨਿੰਦਾ ਤੋਂ ਨਿਰਲੇਪ, ਅਪੁਨਾ ਗੁਰਮੁਖਿ ਪਰਉਪਕਾਰ ਕਰਨ, ਨਾਮ ਜਪਣ ਜਪੌਣ ਦਾ ਗੁਨੁ (ਨ) ਨਹੀਂ (ਗਵਾਵੈ) ਗਵੌਂਦੇ। ਜਿਵੇਂ ਰੱਬ ਸਰੂਪ ਭਗਤ ਕਬੀਰ ਸਾਹਿਬ ਜੀ ਨੇ ਅਪਣੀ ਨਿੰਦਾ ਸੁਣ ਕੇ ਅਪਣਾ ਪਰਉਪਕਾਰ ਕਰਨ ਦਾ ਸ਼ੁਭ ਸੱਚਾ ਸੁਭਾਅ ਨਹੀਂ ਗਵਾਇਆ, ਘਬਰਾਏ ਨਹੀਂ, ਸਗੋਂ ਨਿੰਦਾ ਨੂੰ ਪਿਆਰੀ ਮੰਨ ਕੇ ਇਹ ਗੁਰਸਬਦ ਜੀ ਉਚਾਰੇ:- ਨਿੰਦਉ ਨਿੰਦਉ; ਮੋਕਉ ਲੋਗੁ ਨਿੰਦਉ॥ ਨਿੰਦਾ; ਜਨ ਕਉ ਖਰੀ ਪਿਆਰੀ॥ ਨਿੰਦਾ ਬਾਪੁ; ਨਿੰਦਾ ਮਹਤਾਰੀ॥੧॥ਰਹਾਉ॥

ਜੋ ਕਿਛੁ ਕਰੇ. ਸੁ ਆਪੇ ਸੁਆਮੀ; ਹਰਿ ਆਪੇ ਕਾਰ ਕਮਾਵੈ॥

ਗੁਰਮੁਖਿ ਜਨ ਪਰਉਪਕਾਰ ਸੇਵਾ ਸਿਮਰਨ ਕਰਕੇ ਕਹਿੰਦੇ ਹਨ:- ਜੋ ਪਰਉਪਕਾਰ ਭਲਾਈ ਆਦਿ ਸਭ (ਕਿਛੁ) ਕੁੱਝ (ਕਰੇ) ਕਰ ਰਹੇ ਹਨ, (ਸੁ) ਉਹ ਆਪੇ ਹੀ (ਸੁਆਮੀ) ਸੱਚੇ ਪਤੀ ਅਬਿਨਾਸੀ ਵਾਹਿਗੁਰੂ ਜੀ ਕਰਦੇ ਹਨ। ਯਥਾ:- ਜੋ ਕਿਛੁ ਕਰਤੁ ਹੈ, ਸੋਈ ਕੋਈ ਹੈ ਰੇ; ਤੈਸੇ ਜਾਇ ਸਮਾਹੀ॥੧॥ ਆਪੇ (ਹਰਿ) ਸੱਚੇ ਪਤੀ ਵਾਹਿਗੁਰੂ ਸਾਹਿਬ ਜੀ ਪ੍ਰੇਮਾ ਭਗਤੀ ਦੀ ਕਾਰ (ਕਮਾਵੈ) ਕਮੌਂਦੇ ਹਨ ਜੀ।

ਹਰਿ ਆਪੇ ਹੀ ਮਤਿ ਦੇਵੈ ਸੁਆਮੀ; ਹਰਿ ਆਪੇ ਬੋਲਿ ਬੁਲਾਵੈ॥੧॥

(ਹਰਿ) ਸਭ ਦੇ ਅੰਦਰ ਬਾਹਰ ਸਭਨਾ ਦੇ ਪ੍ਰਕਾਸ਼ਕ ਕਰਤਾਪੁਰਖੁ ਕਰਤਾਰ (ਸੁਆਮੀ) ਮਾਲਕ ਵਾਹਿਗੁਰੂ ਜੀ ਆਪੇ ਹੀ ਅਪਣੇ ਪਿਆਰੇ ਗੁਰਸੇਵਕ ਜੀ ਨੂੰ ਸ਼ੁਭ ਸ੍ਰੇਸਟ ਸਹਜ ਅਵਸਥਾ ਵਾਲੀ ਗੁਰਮਤਿ (ਮਤਿ) ਬੁੱਧੀ (ਦੇਵੈ) ਬਖ਼ਸ਼ਦੇ ਹਨ, ਆਪੇ ਹੀ (ਹਰਿ) ਵਾਹਿਗੁਰੂ ਜੀ ਦੇ ਮਿੱਠੇ ਪਿਆਰੇ ਨਿਰਾਰੇ ਪਰਉਪਕਾਰੀ ਬੋਲਿ ਅਥਵਾ ਅਪਣਾ ਵਾਹਿਗੁਰੂ ਵਾਹਿਗੁਰੂ ਨਾਮ ਜਪਣ ਰੂਪ ਅਥਵਾ ਗੁਰਬਾਣੀ ਜੀ ਦੇ ਬੋਲਿ (ਬੁਲਾਵੈ) ਬੁਲੈਂਦੇ ਹਨ। ਯਥਾ:- ਗੁਰਸਿਖ; ਹਰਿ ਬੋਲਹੁ. ਮੇਰੇ ਭਾਈ॥ ਹਰਿ ਬੋਲਤ; ਸਭ ਪਾਪ ਲਹਿ ਜਾਈ॥੧॥ਰਹਾਉ॥) ਬੋਲਹੁ ਭਈਆ ਰਾਮ ਨਾਮੁ; ਪਤਿਤ. ਪਾਵਨੋ॥

ਅੰਗ ੧੨੦:- ਹਰਿ ਆਪੇ ਪੰਚ ਤਤੁ ਬਿਸਥਾਰਾ; ਵਿਚਿ ਧਾਤੂ ਪੰਚ ਆਪਿ ਪਾਵੈ॥

ਆਪੇ ਹੀ (ਹਰਿ) ਵਾਹਿਗੁਰੂ ਜੀ ਅਪਣੇ ਸੱਚੇ ਪ੍ਰਕਾਸ ਨਿਰਗੁਨ ਸਰੂਪ ’ਚੋਂ (ਪੰਚ) ਪੰਜਾਂ (ਤਤੁ) ਤੱਤਾਂ (ਅਕਾਸ਼, ਹਵਾ, ਪਾਣੀ, ਅੱਗ, ਧਰਤੀ) ਦਾ (ਬਿਸਥਾਰਾ) ਵਿਸਥਾਰ ਕਰਦੇ ਹਨ ਜੀ। (ਪੰਚ) ਪੰਜਾਂ (ਧਾਤੂ) ਤੱਤਾਂ ਵਿਚਿ ਆਪਿ ਅਪਨੀ ਜੋਤਿ (ਪਾਵੈ) ਪੌਂਦੇ ਹਨ। ਜੋਤਿ ਦੇ ਆਸਰੇ ਚੇਸਟਾ ਹਰਕਤ (vibration) ਕਰਵਾ ਰਹੇ ਹਨ। ਜਿਵੇਂ ਹੁਣ ਬਿਅੰਤ ਹਵਾਵਾਂ ਵਗਾ ਰਹੇ ਹਨ, ਬਿਅੰਤ ਧਰਤੀਆਂ ਹਰ ਸਮੇਂ ਭਜਾ ਰਹੇ ਹਨ, ਬਿਅੰਤ ਤਰ੍ਹਾਂ ਦੇ ਪਾਣੀ ਨਾਲ ਸਭ ਹਰਾ ਭਰਾ ਕਰ ਰਹੇ ਹਨ। ਬੰਦਾ ਗੁਰਬਾਣੀ ਗਾਵੇ, ਸੁਣੇ, ਮੰਨੇ, ਕਮਾਵੇ, ਪੂਜੇ, ਤੰਦਰੁਸਤੀ ਵਾਸਤੇ ਨਸਮਕਾਰਾਂ ਕਰੇ, ਨਾਮ ਜਪੇ, vibration ਕਰੇ। ਗੁਰਪ੍ਰਸਾਦਿ ਜ਼ੋਰ ਨਾਲ ਅੱਖਾਂ ਮੀਚ ਕੇ, ਮੂੰਹ ਮੀਚ ਕੇ ਠੋਢੀ ਛਾਤੀ ਨਾਲ ਲਾਵੇ। ਪ੍ਰਸ਼ਾਦਾ ਛਕਦਿਆਂ, ਬੁਰਕੀ ਮੂੰਹ ’ਚ ਪਾ ਕੇ ਦਸ ਸਤਿਗੁਰੂ ਸਾਹਿਬਾਨ ਜੀ, ਗੁਰਮੁਖਿ ਸਨਮੁਖ ਸ਼ਹੀਦ ਰਾਮ ਸਰੂਪ ਚਾਰ ਸਾਹਿਬਜ਼ਾਦਿਆਂ ਜੀ ਦਾ ਨਾਮ ਲਵੋ, ਪ੍ਰਸ਼ਾਦਾ ਲੱਖ ਮਨਾ ਸੁਆਦ ਲੱਗੇ ਜੀ। ਅਪਣਾ ਸਿਰ ਸੱਜੇ ਖੱਬੇ ਮੋਢੇ ’ਤੇ ਲਾਉ। ਹਰ ਵੇਲੇ ਮੂੰਹ ਮੀਚ ਕੇ ਸਾਹ ਲੈਣ ਦੀ ਆਦਤ ਪਾਉ ਜੀ ਰਾਮ ਜੀ! ਸੁੱਤਿਆਂ ਘਰਾੜੇ ਨਾ ਮਾਰੋ ਜੀ ਰਾਮ ਜੀ! ਅਪਣੇ ਆਪ ਨੂੰ ਇੱਕ ਬਚਨ, ਦੂਜਿਆਂ ਨੂੰ ਬਹੁ ਬਚਨ ਬੋਲਣਾ ਜੀ।

ਜਨ ਨਾਨਕ. ਸਤਿਗੁਰੁ ਮੇਲੇ ਆਪੇ; ਹਰਿ ਆਪੇ ਝਗਰੁ ਚੁਕਾਵੈ॥੨॥੩॥

ਪਰਮਪੂਜਨੀਕ (ਨਾਨਕ) ਧੰਨ ਸਤਿਗੁਰੂ ਰਾਮਦਾਸ ਸਾਹਿਬ ਜੀ ਫ਼ੁਰਮੌਂਦੇ ਹਨ:- ਵਾਹਿਗੁਰੂ ਸਤਿਗੁਰੁ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਆਪੇ ਹੀ ਅਪਣੇ ਪਿਆਰੇ (ਜਨ) ਗੁਰਸੇਵਕ ਜੀ ਨੂੰ ਅਪਣੇ ਨਿਰਗੁਨ ਸਰੂਪ ਨਾਲ (ਮੇਲੇ) ਮੇਲਦੇ ਹਨ। ਅਥਵਾ (ਹਰਿ) ਵਾਹਿਗੁਰੂ ਜੀ ਆਪੇ ਸਤਿਗੁਰੁ ਸਾਹਿਬ ਜੀ ਨਾਲ ਮੇਲਦੇ ਹਨ। (ਹਰਿ) ਅਜਪਾ ਜਾਪ ਵਾਹਿਗੁਰੂ ਜੀ ਅਥਵਾ ਬ੍ਰਹਮ ਸਰੂਪ ਸਤਿਗੁਰੂ ਸਾਹਿਬ ਜੀ ਆਪੇ ਹੀ

ਸਿਮਰਉ. ਸਿਮਰਿ ਸਿਮਰਿ; ਸੁਖੁ ਪਾਵਉ॥ ਕਲਿ ਕਲੇਸ; ਤਨ ਮਾਹਿ ਮਿਟਾਵਉ॥ ਅਨੁਸਾਰ ਗੁਰਸੇਵਕ ਜੀ ਨੂੰ ਅਪਣੇ ਸਿਮਰਨ 'ਚ ਲੀਨ ਕਰਕੇ ਹਉਮੈ, ਵਿਕਾਰਾਂ ਔਗੁਣਾਂ, ਜੂਨਾਂ ਆਦਿ ਦੇ (ਝਗਰੁ) ਝਗੜੇ (ਚੁਕਾਵੈ) ਚੁੱਕੌਂਦੇ ਹਨ ਜੀ। ਯਥਾ:- ਹੰਉਮੈ ਅੰਦਰਿ ਖੜਕੁ ਹੈ; ਖੜਕੇ ਖੜਕਿ ਵਿਹਾਇ॥) ਅੰਤਰਿ ਜੋਤਿ. ਸਬਦੁ ਧੁਨਿ ਜਾਗੈ; ਸਤਿਗੁਰੁ ਝਗਰੁ ਨਿਬੇਰੈ॥੩॥ ਤਥਾ:- ਹਮਰਾ ਝਗਰਾ; ਰਹਾ ਨ. ਕੋਊ॥ ਪੰਡਿਤ ਮੁਲਾਂ; ਛਾਡੇ ਦੋਊ॥੧॥ਰਹਾਉ॥

ਬੈਰਾੜੀ ਮਹਲਾ ੪॥

(ਮਹਲਾ ੪) ਵਾਹਿਗੁਰੂ ਧੰਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਬੈਰਾੜੀ ਰਾਗ 'ਚ ਫੁਰਮੌਂਦੇ ਹਨ:-

ਜਪਿ ਮਨ. ਰਾਮ ਨਾਮੁ; ਨਿਸਤਾਰਾ॥

ਹੇ ਮਨ! (ਰਾਮ) ਵਾਹਿਗੁਰੂ ਜੀ ਦਾ ਸ਼ੁਭ ਸੱਚਾ ਨਾਮੁ ਜਪਿ ਜਪਾ, ਜਿਸ ਕਰਕੇ ਤੇਰਾ ਅਗਨ ਸਾਗਰ ਸੰਸਾਰ ਤੋਂ (ਨਿਸਤਾਰਾ) ਪਾਰ ਉਤਾਰਾ ਹੋਵੇਗਾ। ਸੱਚਾ ਰਾਮ ਨਾਮ ਜਪਣ ਜਪੌਣ ਨਾਲ, ਪੂਰਨ ਗੁਰੂ ਜੀ ਬਾਂਹੇ ਫੜ ਕੇ ਕੱਢ ਲੈਂਦੇ ਹਨ। ਯਥਾ:- ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥੪॥੩॥੮॥ ਤਥਾ:- ਬੂਡਤ ਜਾਤ; ਪੂਰੈ ਗੁਰਿ ਕਾਢੇ॥ ਜਨਮ ਜਨਮ ਕੇ; ਟੂਟੇ ਗਾਢੇ॥੩॥

ਕੋਟ ਕੋਟੰਤਰ ਕੇ ਪਾਪ ਸਭਿ ਖੋਵੈ; ਹਰਿ. ਭਵਜਲੁ ਪਾਰਿ ਉਤਾਰਾ॥੧॥ਰਹਾਉ॥

ਪੂਰਨ ਗੁਰੂ ਜੀ, ਵਾਹਿਗੁਰੂ ਜੀ ਦਾ ਸੱਚਾ ਨਾਮ ਜਪ ਜਪਾ ਕੇ (ਕੋਟ) ਕ੍ਰੋੜਾਂ ਜਨਮਾਂ (ਕੇ) ਦੇ ਕੀਤੇ ਹੋਏ (ਕੋਟੰਤਰ) ਕ੍ਰੋੜਾਂ ਮਹਾਂ ਪਾਪ ਔਗੁਣ ਗੁਨਾਹ ਸਭਿ (ਖੋਵੈ) ਨਾਸ ਕਰ ਦਿੰਦੇ ਹਨ। ਯਥਾ:- ਕੋਟ ਕੋਟੰਤਰ ਪਾਪਾ ਕੇਰੇ; ਏਕ ਘੜੀ ਮਹਿ ਖੋਵੈ॥) ਕਉਨ ਕੋ ਕਲੰਕੁ ਰਹਿਓ; ਰਾਮ ਨਾਮੁ ਲੇਤ ਹੀ॥ ਪਤਿਤ. ਪਵਿਤ ਭਏ; ਰਾਮੁ ਕਹਤ ਹੀ॥੧॥ਰਹਾਉ॥) ਅਜਾਮਲੁ ਉਧਰਿਆ; ਕਹਿ ਏਕ ਬਾਰ॥ (ਹਰਿ) ਵਾਹਿਗੁਰੂ ਜੀ ਸੰਸਾਰ (ਭਵਜਲੁ) ਸਾਗਰ ਤੋਂ ਪਾਰਿ ਉਤਾਰਾ ਕਰ ਦਿੰਦੇ ਹਨ। ਪਰਮਪੂਜਨੀਕ ਸਤਿਗੁਰੂ ਵਾਹਿਗੁਰੂ ਦਸਵੇਂ ਪਾਤਿਸ਼ਾਹ ਜੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ਅੱਖਰ ਦਾ ਜਾਪ ਕਰਨ ਦਾ ਹੁਕਮ ਕਰ ਰਹੇ ਹਨ। ਯਥਾ:- ਸ੍ਰੀ ਮੁਖਵਾਕ ਪਾਤਿਸਾਹੀ ੧੦॥ ਦੋਹਰਾ॥ ਆਗਿਆ ਭਈ ਅਕਾਲ ਕੀ; ਤਬੀ ਚਲਾਯੋ ਪੰਥ॥ ਸਭ ਸਿੱਖਨਿ ਕੋ ਹੁਕਮ ਹੈ; ਗੁਰੂ ਮਾਨਿਓ ਗ੍ਰੰਥ॥ ਗੁਰੂ ਗ੍ਰੰਥ ਜੀ ਮਾਨਿਓ; ਪ੍ਰਗਟ ਗੁਰਾਂ ਕੀ ਦੇਹ॥ ਜੋ ਪ੍ਰਭ ਕੋ ਮਿਲਬੋ ਚਹੈ; ਖੋਜ ਸ਼ਬਦ ਮੈਂ ਲੇਹ॥ ਰਾਜ ਕਰੇਗਾ ਖ਼ਾਲਸਾ; ਆਕੀ ਰਹੈ ਨ ਕੋਇ॥ ਖ੍ਵਾਰ ਹੋਇ ਸਭਿ ਮਿਲੈਂਗੇ;

ਬਚੈ ਸ਼ਰਨ ਜੋ ਹੋਇ॥ ਵਾਹਿਗੁਰੂ ਨਾਮ ਜਹਾਜ਼ ਹੈ; ਚੜ੍ਹੇ ਸੋ ਉਤਰੈ ਪਾਰ॥ ਜੋ ਸਰਧਾ ਕਰ ਸੇਂਵਦੇ; ਗੁਰ ਪਾਰਿ ਉਤਾਰਨਹਾਰ॥) ਸਿੰਮ੍ਰਿਤਿ ਪੁਰਾਨ ਕੋਟਾਨਿ. ਬਖਾਨ ਬਹੁ; ਭਾਗਵਤ ਬੇਦ ਬਿਆਕਰਨ ਗੀਤਾ॥ ਸੇਸ ਮਰਜੇਸ ਅਖਲੇਸ. ਸੁਰ ਮਹੇਸ ਮੁਨਿ; ਜਗਤ ਅਰੁ ਭਗਤਿ. ਸੁਰ ਨਰ ਅਤੀਤਾ॥ ਗਿਆਨ ਅਰੁ ਧਿਆਨ. ਉਨਮਾਨ ਉਨਮਨ ਉਕਤਿ; ਰਾਗ ਨਾਦਿ ਦਿਜ ਸੁਰ ਮਤਿ ਨੀਤਾ॥ ਅਰਧ ਲਗ ਮਾਤ੍ਰ. ਗੁਰਸਬਦ ਅਖਰ ਮੇਕ; ਅਗਮ ਅਤਿ ਅਗਮ. ਅਗਾਧਿ ਮੀਤਾ॥੫੪੦॥ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮੌਂਦੇ ਹਨ:-

ਕਾਇਆ ਨਗਰਿ ਬਸਤ ਹਰਿ ਸੁਆਮੀ; ਹਰਿ ਨਿਰਭਉ ਨਿਰਵੈਰੁ ਨਿਰੰਕਾਰਾ॥

(ਹਰਿ) ਵਾਹਿਗੁਰੂ (ਨਿਰੰਕਾਰਾ) ਨਿਰਗੁਨ ਵਿਆਪਕ ਪ੍ਰਕਾਸ਼ਕ ਅਸੰਖ ਨੂਰ ਹੀ ਨੂਰ (ਨਿਰਭਉ) ਭੈ ਰਹਿਤ, (ਨਿਰਵੈਰੁ) ਵੈਰ ਰਹਿਤ, ਅਜਪਾ ਜਾਪ ਸਰੂਪ ਪਰਮ ਪਿਆਰੇ ਪੂਰਨ (ਸੁਆਮੀ) ਮਾਲਕ (ਹਰਿ) ਵਾਹਿਗੁਰੂ ਜੀ ਸਭ ਦੇ (ਕਾਇਆ) ਦੇਹ ਰੂਪ (ਨਗਰਿ) ਪਿੰਡ ਵਿੱਚ (ਬਸਤ) ਵਸਦੇ ਹਨ।

ਹਰਿ ਨਿਕਟਿ ਬਸਤ. ਕਛੂ ਨਦਰਿ ਨ ਆਵੈ; ਹਰਿ ਲਾਧਾ ਗੁਰ ਵੀਚਾਰਾ॥੧॥

(ਹਰਿ) ਵਾਹਿਗੁਰੂ ਜੀ ਸਭ ਦੇ ਅੰਦਰ ਬਾਹਰ (ਨਿਕਟਿ) ਨੇੜੇ ਤੋਂ ਨੇੜੇ (ਬਸਤ) ਵਸਦੇ ਹਨ। ਯਥਾ:- ਕਾਹੇ ਰੇ; ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ; ਤੋਹੀ ਸੰਗਿ ਸਮਾਈ॥੧॥ਰਹਾਉ॥ ਪਰ ਸਾਕਤ ਨੂੰ ਵਾਹਿਗੁਰੂ ਜੀ ਦੇ ਪਰਮ ਪਾਕ ਸੁੰਦਰ ਮਨੋਹਰ ਦਰਸਨ ਪਰਉਪਕਾਰ (ਕਛੂ) ਥੋੜੇ ਮਾਤ੍ਰ ਭੀ ਨਦਰਿ (ਨ) ਨਹੀਂ (ਆਵੈ) ਔਂਦੇ। ਗੁਰਮੁਖਿ ਨੇ (ਗੁਰ) ਬ੍ਰਹਮ ਸਰੂਪ ਦਸ ਸਤਿਗੁਰੂ ਸਾਹਿਬਾਨ ਜੀ ਦੇ ਸ਼ੁੱਧ ਸੱਚੇ ਗੁਰਬਾਣੀ ਜੀ ਦੇ ਅਰਥ ਦੀ ਵੀਚਾਰਾ ਕਰਕੇ, (ਹਰਿ) ਵਾਹਿਗੁਰੂ ਜੀ (ਲਾਧਾ) ਲੱਭ ਲਏ ਜੀ। ਯਥਾ:- ਗੁਰਮੁਖਿ ਲਾਧਾ; ਮਨਮੁਖਿ ਗਵਾਇਆ॥) ਰਹੰਤ ਸੰਗ ਭਗਵਾਨ ਸਿਮਰਣ; ਨਾਨਕ. ਲਬਧੵੰ ਅਚੁਤ ਤਨਹ॥੧॥

ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ; ਹਰਿ ਆਪਿ ਕੀਆ ਪਾਸਾਰਾ॥

(ਹਰਿ) ਵਾਹਿਗੁਰੂ ਜੀ ਆਪੇ ਹੀ (ਸਾਹੁ) ਸਜਣੁ ਸਚਾ ਪਾਤਿਸਾਹੁ; ਸਿਰਿ ਸਾਂਹਾਂ ਦੈ ਸਾਹੁ॥ ਸੱਚੇ ਪਾਤਿਸਾਹ ਜੀ ਹਨ, ਆਪ ਹੀ ਗੁਰਸਬਦ ਰੂਪ ਅਮੋਲਕ ਰਤਨੁ ਨਾਮ ਰੂਪੀ ਹੀਰਾ ਹਨ, ਆਪ (ਸਰਾਫੁ) ਪਰਖਣ ਵਾਲੇ ਹਨ ਅਤੇ ਰਤਨੁ ਹੀਰਾ ਬਖ਼ਸਣ ਵਾਲੇ ਹਨ। (ਹਰਿ) ਨਿਰਗੁਨ ਪ੍ਰਕਾਸ਼ ਸਰੂਪ ਵਾਹਿਗੁਰੂ ਜੀ ਨੇ ਆਪੇ ਹੀ ਅਨੰਤ ਬ੍ਰਹਮੰਡ ਖਾਣੀਆਂ ਬਾਣੀਆਂ ਸੂਰਜ ਚੰਦ ਬਿਅੰਤ ਅਕਾਸ਼ ਪਤਾਲ ਦਾ (ਪਾਸਾਰਾ)

ਪਸਾਰਾ (ਕੀਆ) ਕੀਤਾ ਹੈ, ਗਿਣਤੀ ਨਹੀਂ। ਯਥਾ:- ਖੰਡ ਪਤਾਲ ਅਸੰਖ; ਮੈ ਗਣਤ. ਨ ਹੋਈ॥ ਤੂ ਕਰਤਾ ਗੋਵਿੰਦੁ; ਤੁਧੁ ਸਿਰਜੀ. ਤੁਧੈ ਗੋਈ॥

ਨਾਨਕ. ਜਿਸੁ ਕ੍ਰਿਪਾ ਕਰੇ, ਸੁ ਹਰਿ ਨਾਮੁ ਵਿਹਾਝੇ; ਸੋ ਸਾਹੁ ਸਚਾ ਵਣਜਾਰਾ॥੨॥੪॥

ਪਰਮਪੂਜਨੀਕ (ਨਾਨਕ) ਸਤਿਗੁਰੂ ਰਾਮਦਾਸ ਸਾਹਿਬ ਜੀ ਫ਼ੁਰਮੌਂਦੇ ਹਨ:- ਜਿਸੁ ਗੁਰਸੇਵਕ ਜੀ 'ਤੇ ਦਇਆਲ (ਹਰਿ) ਸੱਚੇ ਕੰਤ ਸੱਚੇ ਭਗਵੰਤ ਜੀ ਕ੍ਰਿਪਾ (ਕਰੇ) ਕਰਦੇ ਹਨ (ਸੁ) ਉਹ (ਹਰਿ) ਵਾਹਿਗੁਰੂ ਜੀ ਦਾ ਸ਼ੁਭ ਸੱਚਾ ਪਵਿੱਤ੍ਰ ਨਾਮੁ ਅਪਣਾ ਤਨ ਮਨ ਧਨ ਅਰਪ ਕੇ (ਵਿਹਾਝੇ) ਖਰੀਦਦੇ ਹਨ। (ਸੋ) ਉਹ ਗੁਰਸੇਵਕ ਜੀ (ਸਾਹੁ) ਸੱਚ ਸਰੂਪ ਵਾਹਿਗੁਰੂ ਜੀ ਦਾ ਸਚਾ ਨਾਮ ਜੀ ਦੀ ਪ੍ਰਾਪਤੀ ਦਾ ਵਣਜ ਕਰਨ ਵਾਲਾ ਵਣਜਾਰਾ ਹੈ। ਯਥਾ:- ਧਨਵੰਤ; ਨਾਮ ਕੇ ਵਣਜਾਰੇ॥

ਬੈਰਾੜੀ ਮਹਲਾ ੪॥

(ਮਹਲਾ ੪) ਵਾਹਿਗੁਰੂ ਧੰਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਬੈਰਾੜੀ ਰਾਗ 'ਚ ਫ਼ੁਰਮੌਂਦੇ ਹਨ:-

ਜਪਿ ਮਨ; ਹਰਿ ਨਿਰੰਜਨੁ ਨਿਰੰਕਾਰਾ॥

ਹੇ ਮਨ! (ਨਿਰ+ਅੰਜਨੁ) (ਅੰਜਨੁ) ਮਾਇਆ ਦੀ ਕਾਲਖ ਤੋਂ (ਨਿਰ) ਰਹਿਤ ਸ਼ੁੱਧ ਨਿਰਮਲ ਪ੍ਰਕਾਸ਼ ਹੀ (ਨਿਰੰਕਾਰਾ) ਪ੍ਰਕਾਸ਼ ਸਰੂਪ ਅਜਪਾ ਜਾਪ (ਹਰਿ) ਵਾਹਿਗੁਰੂ ਜੀ ਦਾ ਸੱਚਾ ਨਾਮ (ਜਪਿ) ਜਪਣਾ ਕਰ।

ਸਦਾ ਸਦਾ ਹਰਿ ਧਿਆਈਐ ਸੁਖਦਾਤਾ; ਜਾ ਕਾ ਅੰਤੁ ਨ ਪਾਰਾਵਾਰਾ॥੧॥ਰਹਾਉ॥

ਸਰਬ ਸੁਖਾ ਕਾ ਦਾਤਾ ਸਤਿਗੁਰੁ; ਤਾ ਕੀ ਸਰਨੀ ਪਾਈਐ॥ ਅਨੁਸਾਰ ਪਰਮਪੂਜਨੀਕ ਸਾਰੇ (ਸੁਖਦਾਤਾ) ਸੁਖਾਂ ਦੇ ਦਾਤੇ ਸੱਚੇ ਕੰਤ ਸੱਚੇ ਹਰਿ ਜੀ ਨੂੰ ਮਨ ਤਨ ਰੋਮ ਰੋਮ ਕਰਕੇ ਸਦਾ ਸਦਾ (ਧਿਆਈਐ) ਧਿਔਣਾ ਕਰੀਏ, (ਜਾ) ਜਿਨ੍ਹਾਂ (ਕਾ) ਦਾ ਅੰਤੁ ਪਾਰਾਵਾਰਾ (ਨ) ਨਹੀਂ ਹੈ। ਯਥਾ:- ਖਿਨ ਮਹਿ; ਥਾਪਿ ਉਥਾਪਨਹਾਰਾ॥ ਅੰਤੁ ਨਹੀ ਕਿਛੁ; ਪਾਰਾਵਾਰਾ॥) ਕਈ ਕੋਟਿ; ਖਾਣੀ ਅਰੁ ਖੰਡ॥ ਕਈ ਕੋਟਿ; ਅਕਾਸ ਬ੍ਰਹਮੰਡ॥) ਕੋਟਿ ਬਿਸਨ. ਕੀਨੇ ਅਵਤਾਰ॥ ਕੋਟਿ ਬ੍ਰਹਮੰਡ. ਜਾ ਕੇ ਧ੍ਰਮਸਾਲ॥ ਕੋਟਿ ਮਹੇਸ; ਉਪਾਇ ਸਮਾਇ॥ ਕੋਟਿ ਬ੍ਰਹਮੇ; ਜਗੁ ਸਾਜਣ ਲਾਇ॥੧॥ ਐਸੋ ਧਣੀ ਗੁਵਿੰਦੁ ਹਮਾਰਾ॥ ਬਰਨਿ. ਨ ਸਾਕਉ; ਗੁਣ ਬਿਸਥਾਰਾ॥੧॥ਰਹਾਉ॥ (ਰਹਾਉ) ਬਿਸ੍ਰਾਮ ਦੇ ਕੇ ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕਰਦੇ ਹਨ:-

ਉਦ-ਰ- ਅਗਨਿ ਕੁੰਟ ਮਹਿ. ਉਰਧ ਲਿਵ ਲਾਗਾ; ਹਰਿ ਰਾਖੈ ਉਦਰ ਮੰਝਾਰਾ॥

ਜਦੋਂ ਜੀਵ ਮਾਤਾ ਦੇ ਗਰਭ ਦੀ (ਅਗਨਿ) ਅੱਗ ਦੀ (ਕੁੰਟ) ਕੁੰਡ (ਮਹਿ) ਵਿੱਚ (ਉਰਧ) ਪੁੱਠਾ ਲਮਕਦਾ ਸੀ, ਤਦੋਂ ਵਾਹਿਗੁਰੂ ਸਿਮਰਨ ਦੀ ਲਿਵ 'ਚ (ਲਾਗਾ) ਲੱਗਾ ਸੀ ਜੀ। ਯਥਾ:- ਪ੍ਰਤਿਪਾਲਿ. ਮਾਤਾ ਉਦਰਿ ਰਾਖੈ; ਲਗਨਿ ਦੇਤ ਨ. ਸੇਕ॥ ਸੋਈ ਸੁਆਮੀ ਈਹਾ ਰਾਖੈ; ਬੂਝੁ ਬੁਧਿ ਬਿਬੇਕ॥੧॥ (ਹਰਿ) ਪ੍ਰਕਾਸ਼ ਸਰੂਪ ਵਾਹਿਗੁਰੂ ਜੀ ਜੀਵ ਨੂੰ ਮਾਤਾ ਦੇ (ਉਦਰ) ਗਰਭ (ਮੰਝਾਰਾ) ਵਿੱਚ (ਰਾਖੈ) ਰੱਖ ਕੇ ਆਪ (ਰਾਖੈ) ਰੱਖਿਆ ਕਰਦੇ ਹਨ। ਯਥਾ:- ਮਾਤ ਗਰਭ ਮਹਿ ਆਪਨ ਸਿਮਰਨੁ ਦੇ; ਤਹ ਤੁਮ ਰਾਖਨਹਾਰੇ॥ ਪਾਵਕ ਸਾਗਰ ਅਥਾਹ ਲਹਰਿ ਮਹਿ; ਤਾਰਹੁ ਤਾਰਨਹਾਰੇ॥) ਮਾਤ ਗਰਭ ਮਹਿ; ਜਿਨਿ ਤੂ ਰਾਖਿਆ॥੧॥ ਰਾਖਨਹਾਰੁ; ਸਮ੍ਾਰਿ ਜਨਾ॥ ਸਗਲੇ ਛੋਡਿ; ਬੀਚਾਰ ਮਨਾ॥੧॥ਰਹਾਉ॥) ਤੂੰ ਮੇਰਾ ਰਾਖਾ. ਸਭਨੀ ਥਾਈ; ਤਾ ਭਉ ਕੇਹਾ ਕਾੜਾ ਜੀਉ॥੧॥) ਕਾਹੇ ਭਈਆ; ਫਿਰਤੌ ਫੂਲਿਆ ਫੂਲਿਆ॥ ਜਬ ਦਸ ਮਾਸ ਉਰਧ ਮੁਖ ਰਹਤਾ; ਸੋ ਦਿਨੁ ਕੈਸੇ ਭੂਲਿਆ॥੧॥ਰਹਾਉ॥

ਸੋ ਐਸਾ ਹਰਿ ਸੇਵਹੁ ਮੇਰੇ ਮਨ; ਹਰਿ ਅੰਤਿ ਛਡਾਵਣਹਾਰਾ॥੧॥

ਹੇ ਮੇਰੇ ਮਨ! (ਸੋ) ਉਹ ਗੁਰੁ ਪੂਰਾ. ਭੇਟਿਓ ਬਡਭਾਗੀ; ਜਾ ਕੋ. ਅੰਤੁ ਨ ਪਾਰਾਵਾਰਾ॥ ਅਨੁਸਾਰ (ਐਸਾ) ਐਸੇ (ਹਰਿ) ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਅਜਪਾ ਜਾਪ ਵਾਹਿਗੁਰੂ ਜੀ ਦਾ ਰੋਮ ਰੋਮ ਕਰਕੇ ਪ੍ਰੇਮ ਭਾਵਨਾ ਸਹਿਤ (ਸੇਵਹੁ) ਸਿਮਰਨ (ਸੇਵਹੁ) ਸੇਵਾ ਕਰਨੀ ਕਰ, ਕਿਉਂ ਜੋ ਅੰਤਿ 'ਚ ਸੱਚੇ ਕੰਤ ਸੱਚੇ ਹਰਿ ਜੀ ਜਮਾਂ ਜੂਨਾਂ ਦੇ ਦੁੱਖ ਤੋਂ (ਛਡਾਵਣਹਾਰਾ) ਛਡੌਣ ਵਾਲੇ ਹਨ। ਯਥਾ:- ਜਨ ਨਾਨਕ. ਐਸਾ ਹਰਿ ਸੇਵਿਆ; ਅੰਤਿ ਲਏ ਛਡਾਇਆ॥ ਅਥਵਾ ਸੱਚੇ ਕੰਤ ਸੱਚੇ ਹਰਿ ਜੀ ਸ੍ਰੀਰ ਦੇ ਅੰਤਿ ਤੋਂ (ਛਡਾਵਣਹਾਰਾ) ਛਡੌਣ ਵਾਲੇ ਹਨ। ਯਥਾ:- ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ, ਅਬਿਨਾਸੀ॥੧੭॥) ਹਰਿ ਕੇ ਸੇਵਕ. ਜੋ ਹਰਿ ਭਾਏ; ਤਿਨ੍ ਕੀ ਕਥਾ ਨਿਰਾਰੀ ਰੇ॥ ਆਵਹਿ ਨ ਜਾਹਿ. ਨ ਕਬਹੂ ਮਰਤੇ; ਪਾਰਬ੍ਰਹਮ ਸੰਗਾਰੀ ਰੇ॥੩॥) ਜਰਾ ਮਰਾ. ਨਹ ਵਿਆਪਈ; ਫਿਰਿ ਦੂਖੁ. ਨ ਪਾਇਆ॥ ਪੀ ਅੰਮ੍ਰਿਤੁ ਆਘਾਨਿਆ; ਗੁਰਿ. ਅਮਰ ਕਰਾਇਆ॥੨॥) ਮੈ ਨ ਮਰਉ; ਮਰਿਬੋ ਸੰਸਾਰਾ॥ ਅਬ ਮੋਹਿ ਮਿਲਿਓ ਹੈ; ਜੀਆਵਨਹਾਰਾ॥੧॥ਰਹਾਉ॥

ਜਾ ਕੈ ਹਿਰਦੈ ਬਸਿਆ ਮੇਰਾ ਹਰਿ ਹਰਿ; ਤਿਸੁ ਜਨ ਕਉ ਕਰਹੁ ਨਮਸਕਾਰਾ॥

ਸੇਵਾ ਸਿਮਰਨ ਕਰਨ ਵਾਲੇ, ਹੁਕਮ ਬੁੱਝਣ ਵਾਲੇ, ਪਰਮਪਦਵੀ ਨੂੰ ਪ੍ਰਾਪਤ (ਜਾ) ਜਿਸ ਸਨਮੁਖ ਗੁਰਮੁਖਿ ਗੁਰਸੇਵਕ ਜੀ (ਕੈ) ਦੇ (ਹਿਰਦੈ) ਰਿਦੇ 'ਚ ਮੇਰਾ (ਹਰਿ) ਪਤੀ ਵਾਹਿਗੁਰੂ ਜੀ (ਹਰਿ) ਅਜਪਾ ਜਾਪ ਵਿਸਮਾਦ ਵਿਆਪਕ ਵਾਹਿਗੁਰੂ ਜੀ (ਬਸਿਆ) ਵਸਦੇ ਹਨ, ਤਿਸੁ (ਜਨ) ਗੁਰਸੇਵਕ ਜੀ (ਕਉ) ਨੂੰ ਮਨ ਰੋਮ ਰੋਮ ਕਰਕੇ ਨਮਸਕਾਰਾ ਕਰਹੁ ਜੀ ਰਾਮ ਜੀ! ਯਥਾ:- ਆਪਿ ਮੁਕਤੁ; ਮੁਕਤੁ ਕਰੈ ਸੰਸਾਰੁ॥ ਨਾਨਕ. ਤਿਸੁ ਜਨ ਕਉ; ਸਦਾ ਨਮਸਕਾਰੁ॥੮॥੨੩॥

ਹਰਿ ਕਿਰਪਾ ਤੇ. ਪਾਈਐ ਹਰਿ ਜਪੁ; ਨਾਨਕ ਨਾਮੁ ਅਧਾਰਾ॥੨॥੫॥

ਪਰਮਪੂਜਨੀਕ ਪਰਮ ਪਿਆਰੇ (ਨਾਨਕ) ਵਾਹਿਗੁਰੂ ਸਤਿਗੁਰੂ ਰਾਮਦਾਸ ਸਾਹਿਬ ਜੀ ਫ਼ੁਰਮੌਂਦੇ ਹਨ:- (ਹਰਿ) ਦਸ ਸਤਿਗੁਰੂ ਸਾਹਿਬਾਨ ਜੀ ਦੀ ਕਿਰਪਾ (ਤੇ) ਤੋਂ (ਹਰਿ) ਅਜਪਾ ਜਾਪ ਵਾਹਿਗੁਰੂ ਜੀ ਦਾ (ਜਪੁ) ਗੁਰਮੰਤ੍ਰ (ਪਾਈਐ) ਪੌਣਾ ਕਰੀਏ। ਵਾਹਿਗੁਰੂ ਨਾਮੁ ਜੀ ਨੂੰ (ਅਧਾਰਾ) ਅਧਾਰ ਬਣਾਈਏ। ਜਪ ਜਪ ਕੇ ਔਗੁਣਾਂ ਵਿਕਾਰਾਂ ਤੋਂ ਛੁਟਕਾਰਾ ਹੋ ਜਾਂਦਾ ਹੈ, ਜਪਣ ਨਾਲ ਵਾਹਿਗੁਰੂ ਜੀ ਪਾਈਦੇ ਹਨ। ਯਥਾ:- ਸਾਚਾ ਨਾਮੁ; ਮੇਰਾ ਆਧਾਰੋ॥ ਸਾਚੁ ਨਾਮੁ ਅਧਾਰੁ ਮੇਰਾ; ਜਿਨਿ ਭੁਖਾ ਸਭਿ ਗਵਾਈਆ॥

ਬੈਰਾੜੀ ਮਹਲਾ ੪॥

(ਮਹਲਾ ੪) ਵਾਹਿਗੁਰੂ ਧੰਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਬੈਰਾੜੀ ਰਾਗ 'ਚ ਫ਼ੁਰਮੌਂਦੇ ਹਨ:-

ਜਪਿ ਮਨ. ਹਰਿ ਹਰਿ ਨਾਮੁ; ਨਿਤ ਧਿਆਇ॥

ਹੇ ਮੇਰੇ ਮਨ! ਪਰਮਪੂਜਨੀਕ (ਹਰਿ) ਪ੍ਰਕਾਸ਼ ਸਰੂਪ, (ਹਰਿ) ਵਾਹਿਗੁਰੂ, ਹਰਿ ਹਰਿ ਨਾਮੁ ਗੁਰਬਾਣੀ ਜੀ ਨੂੰ (ਜਪਿ) ਜਪਣਾ ਕਰ। ਅਪਣੇ ਮਨ ਅੰਦਰ (ਨਿਤ) ਸਦਾ (ਧਿਆਇ) ਧਿਔਣਾ ਕਰ।

ਜੋ ਇਛਹਿ ਸੋਈ ਫਲੁ ਪਾਵਹਿ; ਫਿਰਿ ਦੂਖੁ. ਨ ਲਾਗੈ ਆਇ॥੧॥ਰਹਾਉ॥

ਗੁਰਮਤਿ ਅਨੁਸਾਰ ਜੋ ਭੀ ਤੂੰ (ਇਛਹਿ) ਚਾਹੇ (ਸੋਈ) ਓਹੀ ਫਲੁ (ਪਾਵਹਿ) ਪਾ ਲਵੇਂਗਾ। ਫਿਰਿ ਆਪ ਜੀ ਨੂੰ ਜਨਮ ਮਰਣ, ਹਉਮੈ ਵਿਕਾਰ ਆਦਿ ਦਾ (ਦੂਖੁ) ਦੁੱਖ (ਆਇ) ਆ ਕੇ (ਨ) ਨਹੀਂ (ਲਾਗੈ) ਲੱਗੇਗਾ ਜੀ ਰਾਮ ਜੀ! (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮੌਂਦੇ ਹਨ:-

ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ; ਜਿਤੁ ਹਰਿ ਸਿਉ ਪ੍ਰੀਤਿ ਲਗਾਇ॥

(ਸੋ) ਉਹ ਮਨ ਕਰਕੇ ਜਪੁ (ਸੋ) ਉਹ ਪੂਰਨ ਗੁਰੂ ਜੀ ਦੀ ਸੇਵਾ ਕਰਨ ਰੂਪੀ ਤਪੁ, (ਸਾ) ਉਹ ਔਗੁਣਾਂ ਵਿਕਾਰਾਂ ਵੱਲੋਂ ਬ੍ਰਤ ਤੇ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਹੈ। (ਜਿਤੁ) ਜਿਸ ਨਾਲ (ਹਰਿ) ਪਤੀ ਵਾਹਿਗੁਰੂ ਜੀ (ਸਿਉ) ਨਾਲ (ਪ੍ਰੀਤਿ) ਪ੍ਰੀਤੀ (ਲਗਾਇ) ਲੱਗਾਵੇ। ਯਥਾ:- ਸਾਚੀ ਪ੍ਰੀਤਿ. ਹਮ ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ. ਅਵਰ ਸੰਗਿ ਤੋਰੀ॥੩॥) ਸਾਚੀ ਪ੍ਰੀਤਿ. ਨ ਤੁਟਈ ਪਿਆਰੇ; ਜੁਗੁ ਜੁਗੁ ਰਹੀ ਸਮਾਇ॥੬॥ ਹੋਰ ਝੂਠੇ ਜਪ ਤਪ ਬ੍ਰਤ ਪੂਜਾ ਕਰਨੇ ਸਭ ਬਿਅਰਥ ਹਨ।

ਬਿਨੁ ਹਰਿ ਪ੍ਰੀਤਿ. ਹੋਰ ਪ੍ਰੀਤਿ ਸਭ ਝੂਠੀ; ਇਕ ਖਿਨ ਮਹਿ ਬਿਸਰਿ ਸਭ ਜਾਇ॥੧॥

(ਹਰਿ) ਪਤੀ ਵਾਹਿਗੁਰੂ ਜੀ ਦੀ ਸੱਚੀ ਪ੍ਰੀਤਿ ਤੋਂ (ਬਿਨੁ) ਬਿਨਾ, ਹੋਰ ਸਭ ਸੰਸਾਰੀ (ਪ੍ਰੀਤਿ) ਪ੍ਰੀਤਾਂ ਝੂਠੀਆਂ ਹਨ। ਯਥਾ:- ਜਗਤ ਮੈ; ਝੂਠੀ ਦੇਖੀ ਪ੍ਰੀਤਿ॥ ਅਪਨੇ ਹੀ ਸੁਖ ਸਿਉ ਸਭ ਲਾਗੇ; ਕਿਆ ਦਾਰਾ ਕਿਆ ਮੀਤ॥ ਇਕ ਖਿਨ (ਮਹਿ) ਵਿੱਚ (ਸਭ) ਸਾਰੀ ਪ੍ਰੀਤੀ (ਬਿਸਰਿ) ਭੁੱਲ, ਟੁੱਟ (ਜਾਇ) ਜਾਂਦੀ ਹੈ।

ਤੂ ਬੇਅੰਤੁ ਸਰਬ ਕਲ ਪੂਰਾ; ਕਿਛੁ ਕੀਮਤਿ ਕਹੀ ਨ ਜਾਇ॥

ਹੇ ਪਤੀ ਵਾਹਿਗੁਰੂ ਜੀ! (ਤੂ) ਆਪ ਜੀ ਬੇਅੰਤੁ (ਸਰਬ) ਸਾਰੀ (ਕਲ) ਸ਼ਕਤੀ (ਕਲ) ਸ਼ਾਂਤੀ ਕਰਕੇ (ਪੂਰਾ) ਪੂਰਨ ਹੋਂ ਜੀ। ਆਪ ਜੀ ਦੀ ਕੀਮਤਿ (ਕਿਛੁ) ਥੋੜੇ ਮਾਤ੍ਰ ਭੀ ਕਹੀ (ਨ) ਨਹੀਂ (ਜਾਇ) ਜਾਂਦੀ।

ਨਾਨਕ ਸਰਣਿ ਤੁਮ੍ਾਰੀ ਹਰਿ ਜੀਉ; ਭਾਵੈ ਤਿਵੈ ਛਡਾਇ॥੨॥੬॥

ਪਰਮਪੂਜਨੀਕ (ਨਾਨਕ) ਸਤਿਗੁਰੂ ਰਾਮਦਾਸ ਸਾਹਿਬ ਜੀ ਫ਼ੁਰਮੌਂਦੇ ਹਨ:- ਹੇ (ਹਰਿ) ਵਾਹਿਗੁਰੂ ਜੀਉ! ਦਾਸਨਦਾਸ (ਤੁਮ੍ਾਰੀ) ਆਪ ਜੀ ਦੀ ਸੱਚੀ ਸਰਣਿ ਹੈ। ਯਥਾ:- ਹਮ ਨਿਰਗੁਨੀਆਰ; ਨੀਚ ਅਜਾਨ॥ ਨਾਨਕ; ਤੁਮਰੀ ਸਰਨਿ ਪੁਰਖ ਭਗਵਾਨ ॥੭॥) ਜਿਉ ਭਾਵੈ ਤਿਉ ਰਾਖਿ ਲੈ; ਹਮ ਸਰਣਿ ਪ੍ਰਭ ਆਏ, ਰਾਮ ਰਾਜੇ॥ ਜਿਵੇਂ ਆਪ ਜੀ ਨੂੰ (ਭਾਵੈ) ਭੌਂਦਾ, ਚੰਗਾ ਲੱਗਦਾ ਹੈ, ਤਿਵੈ ਹੀ ਦਾਨਸਦਾਸ ਨੂੰ ਜਮਾਂ ਜੂਨਾਂ ਔਗੁਣਾਂ ਤੋਂ (ਛਡਾਇ) ਛਡਾ ਲਵੋ ਜੀ।

ਰਾਗੁ ਬੈਰਾੜੀ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਹਲਾ) ਸਰੂਪ, ਸੱਚੇ ਨਾਮ ਦੇ ਦਾਤੇ ;ਗੁਰੁ ਅਰਜੁਨੁ ਪਰਤਖ੍ ਹਰਿ॥੭॥੧੯॥ ਜੀ ਬੈਰਾੜੀ ਰਾਗ 'ਚ (੧) ਪਹਿਲੇ ਘਰੁ ਸੁਰਤਾਲ 'ਚ ਫ਼ੁਰਮੌਂਦੇ ਹਨ:- (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ ਸਰੂਪ ਸਤਿਗੁਰ ਸਾਹਿਬ ਜੀ (੧ੴ) ਇੱਕ ਨਿਰਵੈਰ ਬ੍ਰਹਮ ਜੀ ਸਾਰਿਆਂ ਦੇ ਪ੍ਰਕਾਸ਼ਕ ਹਨ।

ਸੰਤ ਜਨਾ ਮਿਲਿ; ਹਰਿ ਜਸੁ ਗਾਇਓ॥

ਦਾਸਨਦਾਸ ਨੇ (ਜਨਾ) ਪਿਆਰਿਆਂ (ਸੰਤ) ਸ੍ਰੇਸਟ ਮਹਾਂਪੁਰਖਾਂ ਨਾਲ ਮਿਲਿ ਕੇ (ਹਰਿ) ਵਾਹਿਗੁਰੂ ਸਤਿਗੁਰੂ ਨਾਨਕ ਸਾਹਿਬ ਜੀ ਦਾ ਸ੍ਰੇਸਟ ਉੱਤਮ ਜਸੁ (ਗਾਇਓ) ਗੌਣਾ ਕੀਤਾ। ਯਥਾ:- ਮਨ; ਮਿਲਿ ਸੰਤ ਜਨਾ ਜਸੁ ਗਾਇਓ॥

ਕੋਟਿ ਜਨਮ ਕੇ ਦੂਖ ਗਵਾਇਓ॥੧॥ਰਹਾਉ॥

ਜਸ ਗੌਣੇ ਕਰਕੇ (ਕੋਟਿ) ਕ੍ਰੋੜਾਂ (ਜਨਮ) ਜਨਮਾਂ (ਕੇ) ਦੇ ਵਿਛੋੜੇ ਦੇ ਦੂਖ (ਗਵਾਇਓ) ਗਵਾ ਲਏ। ਯਥਾ:- ਦੂਖੁ ਗਇਆ ਸਭੁ ਰੋਗੁ ਗਇਆ॥ ਪ੍ਰਭ ਕੀ ਆਗਿਆ ਮਨ ਮਹਿ ਮਾਨੀ; ਮਹਾਪੁਰਖ ਕਾ ਸੰਗੁ ਭਇਆ॥੧॥ਰਹਾਉ॥ (ਰਹਾਉ) ਬਿਸ੍ਰਾਮ ਦੇ ਕੇ ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕਰਦੇ ਹਨ:-

ਜੋ ਚਾਹਤ; ਸੋਈ ਮਨਿ ਪਾਇਓ॥

ਜੋ ਸੱਚੇ ਦਰਸਨ (ਚਾਹਤ) ਚਾਹ ਰਿਹਾ ਸੀ, (ਸੋਈ) ਓਹੀ ਅਪਣੇ ਮਨਿ 'ਚ (ਪਾਇਓ) ਪਾ ਲਏ। ਯਥਾ:- ਬਲਿਹਾਰੀ ਗੁਰ ਆਪਣੇ; ਜਿਨਿ ਹਿਰਦੈ ਦਿਤਾ ਦਿਖਾਇ॥੫੨॥) ਜਿਸੁ ਵਖਰ ਕਉ ਚਾਹਤਾ; ਸੋ ਪਾਇਓ. ਨਾਮਹਿ ਰੰਗਿ॥੨॥

ਕਰਿ ਕਿਰਪਾ; ਹਰਿ ਨਾਮੁ ਦਿਵਾਇਓ॥੧॥

ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਕਿਰਪਾ (ਕਰਿ) ਕਰਕੇ (ਹਰਿ) ਸੱਚੇ ਪਤੀ ਸੱਚੇ ਵਹਿਗੁਰੂ ਅਕਾਲ ਪੁਰਖ ਜੀ ਦੇ ਸ਼ੁਭ ਸੱਚੇ ਪਵਿਤ੍ਰ ਨਾਮੁ ਜੀ, ਸਤਿਗੁਰੂ ਅਮਰਦਾਸ ਸਾਹਿਬ ਜੀ ਤੋਂ (ਦਿਵਾਇਓ) ਦਿਵਾ ਦਿੱਤੇ।

ਸਰਬ ਸੂਖ; ਹਰਿ ਨਾਮਿ ਵਡਾਈ॥

(ਹਰਿ) ਸੱਚੇ ਵਹਿਗੁਰੂ ਜੀ ਦੇ ਨਿਰਮਲ ਉੱਜਲ ਨਾਮਿ ਦੀ (ਵਡਾਈ) ਵਡਿਆਈ ਸੁਨਣ, ਮੰਨਣ,ਧਿਔਣ, ਕਰਨ ਤੋਂ (ਸਰਬ) ਸਾਰੇ (ਸੂਖ) ਸੁਖ (ਵਡਾਈ) ਵਡਿਆਈਆਂ ਪ੍ਰਾਪਤ ਹੁੰਦੀਆਂ ਹਨ। ਯਥਾ:- ਸਭ ਵਡਿਆਈਆ ਹਰਿ ਨਾਮ ਵਿਚਿ; ਹਰਿ ਗੁਰਮੁਖਿ ਧਿਆਈਐ॥

ਗੁਰਪ੍ਰਸਾਦਿ; ਨਾਨਕ ਮਤਿ ਪਾਈ॥੨॥੧॥੭॥

ਪਰਮਪੂਜਨੀਕ ਸੱਚੇ (ਨਾਨਕ) ਸਤਿਗੁਰੂ ਅਰਜਨਦੇਵ ਸਾਹਿਬ ਜੀ ਅਤਿਅੰਤ ਨਿਮ੍ਰਤਾ ਗ੍ਰੀਬੀ ਨਾਲ ਫ਼ੁਰਮੌਂਦੇ ਹਨ:- (ਗੁਰ) ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਸਤਿਗੁਰੂ

ਰਾਮਦਾਸ ਸਾਹਿਬ ਜੀ ਦੀ (ਪ੍ਰਸਾਦਿ) ਕ੍ਰਿਪਾ ਨਾਲ ਦਾਸਨਦਾਸ ਨੇ ਸ੍ਰੇਸਟ ਉੱਜਲ, ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥ ਅਨੁਸਾਰ ਗੁਰਬਾਣੀ ਜੀ ਉਚਾਰਨ ਵਾਲੀ ਗੁਰਮਤਿ ਮਤਿ ਪਾਈ ਹੈ। ਅਥਵਾ ਸਾਈ ਮਤਿ. ਸਾਈ ਬੁਧਿ ਸਿਆਨਪ; ਜਿਤੁ ਨਿਮਖ. ਨ ਪ੍ਰਭੁ ਬਿਸਰਾਵੈ॥ ਅਨੁਸਾਰ ਇੱਕ ਨਿਮਖ ਭੀ ਵਹਿਗੁਰੂ ਜੀ ਨੂੰ ਨਹੀਂ ਭੁਲੈਂਣ ਵਾਲੀ ਮਤਿ ਪਾਈ ਹੈ।

ਗੁਰਪ੍ਰਸਾਦਿ ਤ੍ਵਪ੍ਰਸਾਦਿ ਵਾਹਿਗੁਰੂ ਵਾਹਿਗੁਰੂ ਪਰਮਪੂਜਨੀਕ ਰਾਗੁ ਬੈਰਾੜੀ ਅਰਥ ਸਟੀਕ ਸੰਪੂਰਨੰ।

ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ, ਪਤੀ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥